ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

Vol 20*Issue 39 | Wednesday, February 24, 2021 | Tel: 905-793-2202 | Fax: 905-793-2282 | news@punjabipost.ca

To view our online newspaper visit punjabipost.ca/epaper | THE ONLY DAILY PUNJABI NEWSPAPER | ਹੁਣ ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ



Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to $90,000 in government bonds & grants.
Contact: 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

JOSHI LAW OFFICE
Barrister, Solicitor & Notary Public
Immigration
Real Estate
Commercial Law
Affidavit
Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON


# ਟਰੂਡੋ ਤੇ ਬਾਇਡਨ ਨੇ ਦੁਵੱਲੇ ਸਬੰਧਾਂ ਨੂੰ ਹੋਰ ਮਜ਼ਬੂਤ ਕਰਨ ਦਾ ਪ੍ਰਗਟਾਇਆ ਤਹੱਈਆ

## ਆਰਥਿਕ ਰਿਕਵਰੀ, ਕੋਵਿਡ-19 ਖਿਲਾਫ ਲੜਾਈ ਹੋਰ ਤੇਜ਼ ਕਰਨ ਉੱਤੇ ਦਿੱਤੀ ਸਹਿਮਤੀ



ਓਟਵਾ, 23 ਫਰਵਰੀ (ਪੋਸਟ ਬਿਊਰੋ) : ਆਪਣੀ ਪਹਿਲੀ ਵਰਚੂਅਲ ਮੀਟਿੰਗ ਵਿੱਚ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਤੇ ਅਮਰੀਕਾ ਦੇ ਰਾਸ਼ਟਰਪਤੀ ਜੋਅ ਬਾਇਡਨ ਨੇ ਕੋਵਿਡ-19 ਖਿਲਾਫ ਲੜਾਈ ਤੇਜ਼ ਕਰਨ, ਮਹਾਂਮਾਰੀ ਕਾਰਨ ਹੋਏ ਆਰਥਿਕ ਨੁਕਸਾਨ ਦੀ ਭਰਪਾਈ ਤੇ ਗਲੋਬਲ ਕਲਾਈਮੇਟ ਚੁਣੌਤੀ ਦਾ ਸਾਹਮਣਾ ਕਰਨ ਲਈ ਸਹਿਮਤੀ ਜਤਾਈ ਹੈ।

ਇਸ ਨੂੰ ਅਮਰੀਕਾ-ਕੈਨੇਡਾ ਭਾਈਵਾਲੀ ਲਈ ਨਵੇਂ ਰੋਡਮੈਪ ਦਾ ਨਾਂ ਦਿੰਦਿਆਂ ਟਰੂਡੋ ਨੇ ਆਖਿਆ ਕਿ ਇਹ ਤਰਜੀਹਾਂ ਦੋ ਮੁਲਕਾਂ ਦੀਆਂ ਸਾਂਝੀਆਂ ਕਦਰਾਂ ਕੀਮਤਾਂ ਉੱਤੇ ਅਧਾਰਿਤ ਹਨ ਤੇ ਆਉਣ ਵਾਲੇ ਸਾਲਾਂ ਵਿੱਚ ਇਹ ਕੋਸ਼ਿਸ਼ਾਂ ਹੋਰ ਤੇਜ਼ ਹੋਣਗੀਆਂ। ਮੰਗਲਵਾਰ ਨੂੰ ਮੀਟਿੰਗ ਤੋਂ ਬਾਅਦ ਟਰੂਡੋ ਨੇ ਆਖਿਆ ਕਿ ਕੋਵਿਡ-19 ਦੌਰਾਨ, ਕਲਾਈਮੇਟ ਚੇਂਜ, ਵੱਧ ਰਹੀ ਅਸਮਾਨਤਾ ਆਦਿ ਵਰਗੇ ਮੁੱਦਿਆਂ ਦੇ ਸਬੰਧ ਵਿੱਚ ਹੁਣ ਕਾਰਵਾਈ ਕਰਨ ਦਾ ਵੇਲਾ ਆ ਗਿਆ ਹੈ। ਸਾਡਾ ਸੱਭ ਤੋਂ ਪਹਿਲਾ ਕੰਮ ਲੋਕਾਂ ਨੂੰ ਸੇਫ ਰੱਖਣਾ ਤੇ ਮਹਾਂਮਾਰੀ ਨੂੰ ਖਤਮ ਕਰਨਾ ਹੈ।

ਬਾਇਡਨ ਨੇ ਚੀਨ ਦੇ ਜੇਲ੍ਹ ਵਿੱਚ ਬੰਦ ਕੈਨੇਡੀਅਨ ਮਾਈਕਲ ਸਪੇਵਰ ਤੇ ਮਾਈਕਲ ਕੋਵਰਿਗ ਨੂੰ ਆਜ਼ਾਦ ਕਰਵਾਉਣ ਵਿੱਚ ਮਦਦ ਕਰਨ ਦਾ ਤਹੱਈਆ ਵੀ ਪ੍ਰਗਟਾਇਆ। ਇਹ ਦੋਵੇਂ ਕੈਨੇਡੀਅਨ 10 ਦਸੰਬਰ 2018 ਤੋਂ ਚੀਨ ਵਿੱਚ ਨਜ਼ਰਬੰਦ ਹਨ। ਇਹ ਸੱਭ ਅਮਰੀਕਾ ਦੀ ਬੇਨਤੀ ਉੱਤੇ ਕੈਨੇਡਾ ਵੱਲੋਂ ਵੈਨਕੂਵਰ ਵਿੱਚ ਹੁਆਵੇ ਦੀ ਐਗਜ਼ੈਕਟਿਵ ਮੈਂਗ ਵਾਨਜ਼ੋਊ ਨੂੰ ਗ੍ਰਿਫਤਾਰ ਕੀਤੇ ਜਾਣ ਤੋਂ ਕੁੱਝ ਦਿਨ ਬਾਅਦ ਵਾਪਰਿਆ।

ਬਾਇਡਨ ਨੇ ਆਖਿਆ ਕਿ ਮਨੁੱਖ ਕੋਈ ਵਸਤਾਂ ਨਹੀਂ ਹਨ, ਅਸੀਂ ਉਨ੍ਹਾਂ ਨੂੰ ਵਾਪਿਸ ਲਿਆਉਣ ਲਈ ਰਲ ਕੇ ਕੰਮ ਕਰਾਂਗੇ। ਪਰ ਉਨ੍ਹਾਂ ਇਹ ਨਹੀਂ ਦੱਸਿਆ ਕਿ ਅਮਰੀਕਾ ਇਸ ਮਾਮਲੇ ਵਿੱਚ ਕੈਨੇਡਾ ਦੀ ਕਿਵੇਂ ਮਦਦ ਕਰੇਗਾ। ਬਾਇਡਨ ਨੇ ਭਵਿੱਖ ਵਿੱਚ ਹੋਰ ਮਹਾਂਮਾਰੀਆਂ ਨੂੰ ਰੋਕਣ ਲਈ ਵਰਲਡ ਹੈਲਥ ਆਰਗੇਨਾਈਜ਼ੇਸ਼ਨ ਲਈ ਮਦਦ ਵਿੱਚ ਹੋਰ ਵਾਧਾ ਕਰਨ ਦੀ ਲੋੜ ਉੱਤੇ ਜ਼ੋਰ ਦਿੱਤਾ। ਇਹ ਸਾਬਕਾ ਵਾਈਟ ਹਾਊਸ ਪ੍ਰਸ਼ਾਸਨ ਦੀ ਪਹੁੰਚ ਤੋਂ ਬਿਲਕੁਲ ਉਲਟ ਪਹੁੰਚ ਹੈ। ਸਾਬਕਾ ਟਰੰਪ ਪ੍ਰਸ਼ਾਸਨ ਨੇ ਡਬਲਿਊਐਚਓ ਦੇ ਫੰਡਾਂ ਵਿੱਚ ਕਟੌਤੀ ਕਰ ਦਿੱਤੀ ਸੀ। ਦੋਵਾਂ ਆਗੂਆਂ ਨੇ ਸਹਿਮਤੀ ਪ੍ਰਗਟਾਈ ਕਿ ਆਰਥਿਕ ਰਾਹਤ ਸੱਭ ਤੋਂ ਪਹਿਲਾਂ ਮਹਾਂਮਾਰੀ ਤੋਂ ਸੱਭ ਤੋਂ ਵੱਧ ਪ੍ਰਭਾਵਿਤ ਹੋਣ ਵਾਲਿਆਂ ਨੂੰ ਮਿਲਣੀ ਚਾਹੀਦੀ ਹੈ।

ਇਸ ਤੋਂ ਇਲਾਵਾ ਦੋਵਾਂ ਮੁਲਕਾਂ ਨੇ ਕਲਾਈਮੇਟ ਚੇਂਜ ਵਾਲੇ ਪਾਸੇ ਵੀ ਰਲ ਕੇ ਕੰਮ ਕਰਨ ਦੀ ਸਹਿਮਤੀ ਦਿੱਤੀ ਤੇ ਆਪਣੇ ਚਿਰਾਂ ਤੋਂ ਚੱਲੇ ਆ ਰਹੇ ਸਬੰਧਾਂ ਨੂੰ ਹੋਰ ਮਜ਼ਬੂਤ ਕਰਨ ਦਾ ਤਹੱਈਆ ਪ੍ਰਗਟਾਇਆ।



# ਓਨਟਾਰੀਓ ਵਿੱਚ ਹਾਈਡਰੋ ਦਰਾਂ ਵੀ ਪਹਿਲਾਂ ਵਾਂਗ ਹੋਣਗੀਆਂ ਲਾਗੂ

ਟੋਰਾਂਟੋ, 23 ਫਰਵਰੀ (ਪੋਸਟ ਬਿਊਰੋ) : ਓਨਟਾਰੀਓ ਵਾਸੀਆਂ ਲਈ ਘੱਟ ਮਹਿੰਗੀਆਂ ਤੇ ਫਿਕਸਡ ਹਾਈਡਰੋ ਦਰਾਂ ਮੁਹੱਈਆ ਕਰਵਾਉਣ ਵਾਲੇ ਐਮਰਜੰਸੀ ਆਰਡਰ ਅੱਜ ਰਾਤ ਤੋਂ ਖਤਮ ਹੋਣ ਜਾ ਰਹੇ ਹਨ।

ਇਹ ਹੁਕਮ ਪਹਿਲੀ ਜਨਵਰੀ ਤੋਂ ਲਾਗੂ ਹੋਏ ਸਨ ਜਦੋਂ ਪ੍ਰੋਵਿੰਸ ਪੱਧਰ ਉੱਤੇ ਲਾਕਡਾਊਨ ਆਰਡਰ ਜਾਰੀ ਕੀਤੇ ਗਏ ਸਨ। ਇਨ੍ਹਾਂ ਦਰਾਂ ਨੂੰ ਇੱਕ ਵਾਰੀ ਹੋਰ ਨਰਮ ਉਸ ਸਮੇਂ ਕੀਤਾ ਗਿਆ ਸੀ ਜਦੋਂ ਓਨਟਾਰੀਓ ਭਰ ਵਿੱਚ ਸਟੇਅ ਐਟ ਹੋਮ ਆਰਡਰ ਦਿੱਤੇ ਗਏ। ਜਿਸ ਕਾਰਨ ਹਰ ਕਿਸੇ ਨੂੰ ਆਪਣੇ ਘਰ ਤੋਂ ਕੰਮ ਕਰਨ ਲਈ ਹੱਲਾਸ਼ੇਰੀ ਮਿਲੀ। ਇਸ ਯੋਜਨਾ ਤਹਿਤ ਓਨਟਾਰੀਓ ਵਾਸੀਆਂ ਤੋਂ ਨਿਯਮਿਤ ਸਮੇਂ ਦੇ ਹਿਸਾਬ ਨਾਲ ਵਰਤੋਂ ਵਾਲੀਆਂ ਦਰਾਂ ਜਾਂ ਸਮੇਂ ਦੇ ਹਿਸਾਬ ਨਾਲ ਫਿਕਸਡ ਦਰਾਂ ਦੀ ਥਾਂ ਪ੍ਰਤੀ ਕਿਲੋਵਾਟ-ਪ੍ਰਤੀ ਘੰਟੇ ਦੇ ਹਿਸਾਬ ਨਾਲ 8.5 ਸੈਂਟ ਚਾਰਜ ਕੀਤੇ ਗਏ।



ਮਨਿਸਟਰੀ ਆਫ ਐਨਰਜੀ, ਨੌਰਦਰਨ ਡਿਵੈਲਪਮੈਂਟ ਐਂਡ ਮਾਈਨਜ਼ ਦੇ ਬੁਲਾਰੇ ਨੇ ਸੋਮਵਾਰ ਨੂੰ ਆਖਿਆ ਕਿ ਗਾਹਕਾਂ ਨੂੰ 24 ਘੰਟੇ ਸਸਤੀਆਂ ਬਿਜਲੀ ਦਰਾਂ ਵਿੱਚ ਵਾਧਾ ਨਹੀਂ ਕੀਤਾ ਜਾਵੇਗਾ। ਉਨ੍ਹਾਂ ਆਖਿਆ ਕਿ ਬਹੁਤੀਆਂ ਹੈਲਥ ਯੂਨਿਟਸ ਵਿੱਚ ਸਟੇਅ ਐਟ ਹੋਮ ਆਰਡਰਜ਼ ਹਟਾ ਦਿੱਤੇ ਗਏ ਹਨ, ਅਸੀਂ ਵੀ ਗਾਹਕਾਂ ਨੂੰ ਪਹਿਲਾਂ ਵਾਲੇ ਸਟੈਂਡਰਡ ਟੀਅਰਡ ਜਿਸ ਸਮੇਂ ਬਿਜਲੀ ਦੀ ਵਰਤੋਂ ਕੀਤੀ ਜਾਂਦੀ ਹੈ ਉਸ ਸਮੇਂ ਦੇ ਹਿਸਾਬ ਨਾਲ ਪੈਸੇ ਲੈਣ ਦੀ ਕਵਾਇਦ 23 ਫਰਵਰੀ ਤੋਂ ਰਾਤੀਂ 12:00 ਵਜੇ ਤੋਂ ਸ਼ੁਰੂ ਹੋਣ ਜਾ ਰਹੀ ਹੈ।

# ਕਾਰ ਹਾਦਸੇ ਵਿੱਚ ਟਾਈਗਰ ਵੁੱਡਜ਼ ਗੰਭੀਰ ਜ਼ਖ਼ਮੀ

ਲਾਸ ਏਂਜਲਸ ਕਾਊਂਟੀ ਸ਼ੈਰਿਫ ਐਲੈਕਸ ਵਿਲਾਨੁਏਵਾ ਨੇ ਦੱਸਿਆ ਕਿ ਹਾਦਸੇ ਦੌਰਾਨ ਏਅਰ ਬੈਗਜ਼ ਲਾਸ ਏਂਜਲਸ, 23 ਫਰਵਰੀ (ਪੋਸਟ ਬਿਊਰੋ) : ਸਬਅਰਬਨ ਲਾਸ ਏਂਜਲਸ ਵਿੱਚ ਟਾਈਗਰ ਵੁੱਡਜ਼ ਉਸ ਸਮੇਂ ਗੰਭੀਰ ਜ਼ਖ਼ਮੀ ਹੋ ਗਏ ਜਦੋਂ ਉਨ੍ਹਾਂ ਦੀ ਐਸਯੂਵੀ ਹਾਦਸਾਗ੍ਰਸਤ ਹੋਣ ਤੋਂ ਬਾਅਦ ਪਲਟ ਗਈ ਤੇ ਸੜਕ ਤੋਂ ਹੇਠਾਂ ਜਾ ਡਿੱਗੀ। ...ਬਾਕੀ ਪੰਨਾ 2 'ਤੇ



# ਦਸੰਬਰ ਵਿੱਚ 170,000 ਕੈਨੇਡੀਅਨ ਵਿਦੇਸ਼ਾਂ ਤੋਂ ਘਰ ਪਰਤੇ : ਸਟੈਟਸ ਕੈਨ

ਟੋਰਾਂਟੋ, 23 ਫਰਵਰੀ (ਪੋਸਟ ਬਿਊਰੋ) : ਦੇਸ਼ ਤੋਂ ਬਾਹਰ ਗੈਰ ਜ਼ਰੂਰੀ ਟਰੈਵਲ ਨਾ ਕਰਨ ਦੀਆਂ ਗਈਆਂ ਸਲਾਹਾਂ ਦੇ ਬਾਵਜੂਦ ਸਟੈਟੇਸਟਿਕਸ ਕੈਨੇਡਾ ਦਾ ਕਹਿਣਾ ਹੈ ਕਿ 2020 ਵਿੱਚ ਕੈਨੇਡੀਅਨਾਂ ਦੇ ਵਿਦੇਸ਼ ਟਰੈਵਲ ਕਰਨ ਦੀ ਥਾਂ ਬਹੁਤੇ ਕੈਨੇਡੀਅਨ ਦੇਸ਼ ਪਰਤੇ ਹਨ।

ਮੰਗਲਵਾਰ ਨੂੰ ਜਾਰੀ ਕੀਤੇ ਗਏ ਨਵੇਂ ਡਾਟਾ ਅਨੁਸਾਰ 170,7000 ਕੈਨੇਡੀਅਨ ਦਸੰਬਰ ਵਿੱਚ ਵਿਦੇਸ਼ਾਂ ਤੋਂ ਘਰ ਪਰਤੇ। ਏਜੰਸੀ ਨੇ ਆਖਿਆ ਕਿ ਨਵੰਬਰ 2020 ਨਾਲੋਂ ਇਹ 33.7 ਫੀ ਸਦੀ ਦਾ ਵਾਧਾ ਹੈ। ਸਟੈਟੇਸਟਿਕਸ ਦਾ ਕਹਿਣਾ ਹੈ ਕਿ ਇਨ੍ਹਾਂ ਮਹੀਨਿਆਂ ਵਿੱਚ ਕੈਨੇਡੀਅਨ ਨਾਗਰਿਕਾਂ ਵਿਦੇਸ਼ਾਂ ਤੇ ਅਮਰੀਕਾ ਵਿੱਚ ਟਰੈਵਲ ਕਰਨ ਉਪਰੰਦ ਦੇਸ਼ ਪਰਤੇ। ਸਟੈਟਸਕੈਨ ਦਾ ਕਹਿਣਾ ਹੈ ਕਿ ਅਮਰੀਕਾ ਤੇ ਹੋਰਨਾਂ ਥਾਂਵਾਂ ਤੋਂ ਕੈਨੇਡਾ ਪਰਤਣ ਵਾਲਿਆਂ ਦੀ ਗਿਣਤੀ ਦਸੰਬਰ 2019 ਦੇ ਮੁਕਾਬਲੇ ਐਤਕੀਂ 93 ਫੀ ਸਦੀ ਘੱਟ ਰਹੀ। ਏਜੰਸੀ ਨੇ ਆਖਿਆ ਕਿ ਵਿਦੇਸ਼ਾਂ ਤੋਂ ਆਉਣ ਵਾਲੇ ਕੈਨੇਡੀਅਨ ਰੈਜ਼ੀਡੈਂਟਸ ਦੀ ਗਿਣਤੀ ਵੀ 91.3 ਫੀ ਸਦੀ ਘੱਟ ਰਹੀ।



ਏਜੰਸੀ ਨੇ ਇਹ ਵੀ ਦੱਸਿਆ ਕਿ ਪਿਛਲੇ ਸਾਲ ਬਹੁਤ ਘੱਟ ਅਮੈਰੀਕਨਜ਼ ਹੀ ਕੈਨੇਡਾ ਦਾਖਲ ਹੋਏ ਤੇ ਇਸੇ ਤਰ੍ਹਾਂ ਅਮਰੀਕਾ ਜਾਣ ਵਾਲੇ ਕੈਨੇਡੀਅਨਾਂ ਦੀ ਗਿਣਤੀ ਵੀ ਘੱਟ ਰਹੀ। ਦਸੰਬਰ ਵਿੱਚ ਕੈਨਡੀਅਨ ਰੈਜ਼ੀਡੈਂਟਸ ਨੇ ਅਮਰੀਕਾ ਤੋਂ 271,100 ਰਿਟਰਨ ਟਰਿੱਪ ਕੀਤੇ ਕਿ ਇਸੇ ਅਰਸੇ ਦੌਰਾਨ ਪਿਛਲੇ ਸਾਲ 92 ਫੀ ਸਦੀ ਤੋਂ ਵੀ ਹੇਠਾਂ ਸਨ। ਕੋਵਿਡ-19 ਮਹਾਂਮਾਰੀ ਨੂੰ ਅੱਗੇ ਫੈਲਣ ਤੋਂ ਰੋਕਣ ਲਈ ਪ੍ਰੋਵਿੰਸ ਵੱਲੋਂ ਸਖਤ ਕਦਮ ਚੁੱਕੇ ਗਏ ਹਨ। ਇਸੇ ਤਹਿਤ ਏਅਰਪੋਰਟਸ ਉੱਤੇ ਹੈਲਥ ਸਕਰੀਨਿੰਗ ਤੇ ਲਾਜ਼ਮੀ ਤੌਰ ਉੱਤੇ ਕੁਆਰਨਟੀਨ ਕੀਤੇ ਜਾਣ ਦਾ ਪ੍ਰਬੰਧ ਕੀਤਾ ਗਿਆ ਹੈ। ਸਟੈਟਕੈਨ ਅਨੁਸਾਰ ਦਸੰਬਰ ਵਿੱਚ ਹਵਾਈ ਰਸਤੇ ਰਾਹੀਂ 62,500 ਕੈਨੇਡੀਅਨ ਅਮਰੀਕਾ ਤੋਂ ਪਹੁੰਚੇ ਨਵੰਬਰ 2020 ਦੇ ਮੁਕਾਬਲੇ ਇਹ 14.7 ਫੀ ਸਦੀ ਵਾਧਾ ਸੀ।


Best Insurance Rates
Auto - Home - Business
Dir: 647-400-2949
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Amanpreet S. Bath
Axxel Insurance Brokers Ltd.
Address: 1550 South Gateway Rd. Suite 220 Mississauga, ON L4W 5G6

NOW HIRING !!!
ALLKIND INSURANCE
Life Insurance
Critical illness Ins
Travel & Visitor Ins
RESP & TFSA & RRSP
Super Visa Insurance
Mortgage Insurance
Disability Insurance
Funeral Insurance
SIMRAN SAINI 416.994.7272
www.allkindinsurance.com

INSURANCE
Home
Business
Life Insurance
Auto
Trucking
Commercial
647-206-2452
Sukhwinder K Singh
CONNEX 7050A Bramalea Rd, Unit # 13, Mississauga, ON L5S 1T1

AUTO & HOME INSURANCE
Super visa Insurance
Life & Disability
Critical illness
RESP
Visitor & Travel insurance
(416-845-1352)
Manwinder Mangat Broker
Axxel InsuranceBrokers Ltd. 1332 Khalsa Dr, Unit # 11, Mississauga, ON L5S 0A2

SOS IMMIGRATION & SETTLEMENT SERVICES
ਸਾਡੇ ਕੋਲ ਤੁਹਾਡੀਆਂ ਸਾਰੀਆਂ ਇਮੀਗ੍ਰੇਸ਼ਨ ਮਾਮਲਿਆਂ ਦਾ ਹੱਲ ਹੈ
Student Visa / Study Permit
LMIA / Work permit
Permanent Residency
Family Sponsorship
Nanny
Visitor Visa
Business Immigration
Call us for Professional, Reliable & High Quality Services
Rahul Sagar 647-780-2022
120 Woodstream Blvd, Woodbridge, ON, L4L 7Z1

Law Office of Aman Sharma
Real Estate - Commercial Lease
Business Purchase & Sale
Notarizations & Affidavits
Wills & Power Of Attorney
Fax: 905-913-2344 Tel: 905-913-2355
25 Cherrycrest Drive, Unit # 6 Brampton, ON, L6P 3W4
Aman Sharma Open Saturday
Providing excellent quality legal services to our clients

ALL KINDS OF IMMIGRATION SERVICES
iccrc crcic
Call: 416 278 4449 204 295 4449
World Gateway Immigration Company since 2010
Get PERMANENT RESIDENCY
If You are on Work Permit/Visitor in Canada
ZORA KAINTH DIRECTOR Member of ICCRC Oath commissioner of Manitoba
Toronto: 149-2960 Drew Road, Mississauga Winnipeg: 678 McphillipsStreet, Winnipeg

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
AFFORDABLE & RELIABLE
647.990.3205
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
ਪਾਵਰ ਆਫ ਸੇਲ ਨੋਟਿਸ ?
ਗਾਰਨਿਸ਼ਮੈਂਟ?
ਬੈਂਕ ਵਲੋਂ ਪੈਸੇ ਦੀ ਮੰਗ ?
ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available 1888 864 3131
Jasbir Singh Hundal Qualified Credit Counsellor
www.MakeMeDebtFree.ca 416-502-3100
Unit #20 - 7015 Tranmere Drive Mississauga, ON L5S 1T7

HELPING YOU PLAN TODAY...FOR TOMORROW
Supervisa / Visitor Insurance
Life /Mortgage/Funeral Insurance
Disability Insurance
Critical Illness Insurance
RESP /RRSP
www.ufsinsurance.com
JATINDERBIR S BAJWA Insurance Broker
Dir: 647-928-4990
# 25-831 Bovaird Dr. W. Brampton, ON L6X0T9 | www.ufsinsurance.com

Royal Pest Control
Residential Commercial Industrial
Specialist in Bedbugs Service
All Pest Control :
Mouse & Rats
Cockroaches
Spiders & Fleas
Carpenter Ants
Bedbugs
Silver Fish
Wasps
Racoons
Call : PARESH PATEL (Government Approved Licensed Technician)
416 938 4598

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Avon Financial Inc. Advice you can bank on.
Brokerage Lic. 12538
Cell: 416-841-4218 Tel: 905-216-5563
Harpreet Singh Goraya Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

PROTECT YOUR HOME FROM PESTS
Pest Control
100% Success rate for bed bug Treatment
Low Rates/Excellent Pest Control Services
Free Home Inspection Call Today
Ranjit Sidhu Certified & Licenced Exterminator
BED BUG MATTRESS COVER ALSO AVAILABLE
A-Z Pest Control Inc.
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

SEHMBI RENOVATIONS
ਰੈਨੋਵੇਸ਼ਨ ਦੇ ਕਿਸੇ ਵੀ ਕੰਮ ਲਈ ਸਾਡੀਆਂ ਪਰੋਫੈਸ਼ਨਲ ਤੇ ਭਰੋਸੇਯੋਗ ਸੇਵਾਵਾ ਦਾ ਲਾਭ ਉਠਾਓ
Custom Kitchen Cabinets
Legal Basement
Completly Furnished
Painting & Flooring
ਵਾਜਿਬ ਕੀਮਤ ਤੇ ਸਮੇਂ ਸਿਰ ਕੰਮ
Jaswant Sehmbi: 647.524.0885

KELLEY LAW OFFICE
Immigration
Family Law
Corporate
Power of Attorney/Affidavit /Attestations
Real Estate
Business Closing
Wills & Estate
www.kelleylawoffice.ca | info@kelleylawoffice.ca
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੋਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ!
1200 Derry Road E, #15, Mississauga, ON L5T 0B3
Shinder Kelley Barrister, Solicitor & Notary Public
905-362-0755

MANN LAW FIRM
Real Estate Law
Wills & Estates
Power of Attorney
Affidavits Notarization / Declaration
Business Law
Family Law
Civil Litigation
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

CN Forklift Training Center
Counterbalance All Types
Walkie pallet Low Lift
Electric Motor Narrow Aisle Reach
Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan Certified Instructor

# ਡੰਡਸ ਤੇ ਜਾਰਵਿਸ ਨੇੜੇ ਪੁਲਿਸ ਦੀ ਗੋਲੀ ਲੱਗਣ ਕਾਰਨ ਇੱਕ ਹਲਾਕ

**ਐਸਆਈਯੂ ਕਰ ਰਹੀ ਹੈ ਜਾਂਚ**



ਟੋਰਾਂਟੋ, 23 ਫਰਵਰੀ (ਪੋਸਟ ਬਿਊਰੋ) : ਮੰਗਲਵਾਰ ਸਵੇਰੇ ਡਾਊਨਟਾਊਨ ਟੋਰਾਂਟੋ ਵਿੱਚ ਪੁਲਿਸ ਵੱਲੋਂ ਗੋਲੀ ਮਾਰੇ ਜਾਣ ਕਾਰਨ ਮਾਰੇ ਗਏ ਇੱਕ ਵਿਅਕਤੀ ਦੇ ਮਾਮਲੇ ਦੀ ਜਾਂਚ ਕਰਨ ਲਈ ਸਪੈਸ਼ਲ ਇਨਵੈਸਟੀਗੇਸ਼ਨ ਯੂਨਿਟ ਵੱਲੋਂ ਜਾਂਚ ਦਾ ਕੰਮ ਆਪਣੇ ਹੱਥ ਵਿੱਚ ਲੈ ਲਿਆ ਗਿਆ ਹੈ।

ਡੰਡਸ ਤੇ ਜਾਰਵਿਸ ਇਲਾਕੇ ਵਿੱਚ ਜਾਰਜ ਸਟਰੀਟ ਉੱਤੇ ਸਥਿਤ ਇੱਕ ਰਿਹਾਇਸ਼ੀ ਇਮਾਰਤ ਵਿੱਚ ਸਵੇਰੇ 4:00 ਵਜੇ ਇੱਕ ਵਿਅਕਤੀ ਦੇ ਲਾਪਤਾ ਹੋਣ ਦੀ ਮਿਲੀ ਜਾਣਕਾਰੀ ਤੋਂ ਬਾਅਦ ਮੌਕੇ ਉੱਤੇ ਪੁਲਿਸ ਪਹੁੰਚੀ। ਇਸ ਦੌਰਾਨ ਪੁਲਿਸ ਨਾਲ ਹੋਏ ਮੁਕਾਬਲੇ ਵਿੱਚ ਇਮਾਰਤ ਦੇ ਅੰਦਰ ਮੌਜੂਦ ਵਿਅਕਤੀ ਨੂੰ ਗੋਲੀ ਲੱਗ ਗਈ। ਗੋਲੀ ਉਸ ਵਿਅਕਤੀ ਦੀ ਛਾਤੀ ਵਿੱਚ ਲੱਗੀ।

ਉਸ ਨੂੰ ਹਸਪਤਾਲ ਵੀ ਲਿਜ-ਾਇਆ ਗਿਆ ਤੇ ਬਾਅਦ ਵਿੱਚ ਜ਼ਖ਼ਮਾਂ ਦੀ ਤਾਬ ਨਾ ਸਹਾਰਦਿਆਂ ਹੋਇਆਂ ਉਸ ਦੀ ਮੌਤ ਹੋ ਗਈ। ਚੀਫ ਜੇਮਜ਼ ਰੈਮਰ ਦਾ ਕਹਿਣਾ ਹੈ ਕਿ ਟੋਰਾਂਟੋ ਪੁਲਿਸ ਵੱਲੋਂ ਕਤਲ ਦੇ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ। ਇਹ ਜਾਂਚ ਅਜਿਹੀ ਥਾਂ ਉੱਤੇ ਕੀਤੀ ਜਾ ਰਹੀ ਹੈ ਜਿਸ ਦਾ ਮੰਗਲਵਾਰ ਵਾਲੀ ਸੂਟਿੰਗ ਨਾਲ ਕੋਈ ਲੈਣਾ ਦੇਣਾ ਨਹੀਂ ਹੈ।

# ਕਾਰ ਹਾਦਸੇ ਵਿੱਚ ਟਾਈਗਰ ਵੁੱਡਜ਼ ਗੰਭੀਰ ਜ਼ਖ਼ਮੀ

.....ਪੰਨਾ 1 ਦਾ ਬਾਕੀ

ਗੌਲਫ ਸੁਪਰਸਟਾਰ ਨੂੰ ਵਿੰਡਸ਼ੀਲਡ ਰਾਹੀਂ ਕੱਢਣਾ ਪਿਆ ਤੇ ਉਨ੍ਹਾਂ ਦੇ ਏਜੰਟ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ ਉਨ੍ਹਾਂ ਦੀ ਲੱਤ ਦੀ ਸਰਜਰੀ ਕੀਤੀ ਜਾ ਰਹੀ ਹੈ।

ਨਿਊਜ਼ ਕਾਨਫਰੰਸ ਵਿੱਚ ਅਧਿਕਾਰੀਆਂ ਨੇ ਦੱਸਿਆ ਕਿ ਵੁੱਡਜ਼ ਆਪਣੀ ਐਸਯੂਵੀ ਵਿੱਚ ਇੱਕਲੇ ਸਨ ਜਦੋਂ ਸਵੇਰੇ 7:15 ਉੱਤੇ ਉਨ੍ਹਾਂ ਦੀ ਗੱਡੀ ਸੜਕ ਦੇ ਉੱਭਰੇ ਹੋਏ ਹਿੱਸੇ ਨਾਲ ਜਾ ਟਕਰਾਈ, ਦੋ ਲੇਨਜ਼ ਟੱਪਣ ਤੇ ਕਈ ਵਾਰੀ ਪਲਟਣ ਤੋਂ ਬਾਅਦ ਸੜਕ ਤੋਂ ਹੇਠਾਂ ਜਾ ਡਿੱਗੀ। ਇਸ ਹਾਦਸੇ ਵਿੱਚ ਕੋਈ ਹੋਰ ਕਾਰ ਸ਼ਾਮਲ ਨਹੀਂ ਸੀ। ਵਿੰਡਸ਼ੀਲਡ ਹਟਾ ਕੇ ਜਦੋਂ ਫਾਇਰਫਾਈਟਰਜ਼ ਨੇ ਵੁੱਡਜ਼ ਨੂੰ ਬਾਹਰ ਕੱਢਿਆ ਤਾਂ ਉਸ ਸਮੇਂ 45 ਸਾਲਾ ਇਹ ਖਿਡਾਰੀ ਪੂਰੀ ਤਰ੍ਹਾਂ ਹੋਸ਼ੋ ਹਵਾਸ ਵਿੱਚ ਸੀ ਤੇ ਚੰਗੀ ਤਰ੍ਹਾਂ ਗੱਲਬਾਤ ਵੀ ਕਰ ਰਿਹਾ ਸੀ।

ਖੁੱਲ੍ਹ ਗਏ ਤੇ ਕਾਰ ਨੂੰ ਅੰਦਰੋਂ ਭੋਰਾ ਵੀ ਨੁਕਸਾਨ ਨਹੀਂ ਹੋਇਆ ਤੇ ਇਸੇ ਕਾਰਨ ਵੁੱਡਜ਼ ਨੂੰ ਹਾਦਸੇ ਦੌਰਾਨ ਬਹੁਤੀ ਗੰਭੀਰ ਸੱਟ ਨਹੀਂ ਲੱਗੀ। ਫਾਇਰ ਚੀਫ ਡੈਰਿਲ ਓਸਬੀ ਨੇ ਦੱਸਿਆ ਕਿ ਵੁੱਡਜ਼ ਦੀਆਂ ਦੋਵੇਂ ਲੱਤਾਂ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਗਈਆਂ। ਉਨ੍ਹਾਂ ਆਖਿਆ ਕਿ ਅਜੇ ਤੱਕ ਇਸ ਗੱਲ ਦੇ ਕੋਈ ਸਬੂਤ ਨਹੀਂ ਮਿਲੇ ਹਨ ਕਿ ਵੁੱਡਜ਼ ਨੇ ਕਿਸੇ ਕਿਸਮ ਦਾ ਨਸ਼ਾ ਕੀਤਾ ਹੋਇਆ ਸੀ। ਅਧਿਕਾਰੀਆਂ ਨੇ ਆਖਿਆ ਕਿ ਉਨ੍ਹਾਂ ਵੱਲੋਂ ਸ਼ਰਾਬ ਜਾਂ ਕਿਸੇ ਹੋਰ ਨਸ਼ੀਲੇ ਪਦਾਰਥ ਵਾਲੇ ਲੱਛਣਾਂ ਦੀ ਜਾਂਚ ਕੀਤੀ ਗਈ ਪਰ ਉਨ੍ਹਾਂ ਨੂੰ ਅਜਿਹਾ ਕੁੱਝ ਨਹੀਂ ਮਿਲਿਆ। ਉਨ੍ਹਾਂ ਇਹ ਨਹੀਂ ਦੱਸਿਆ ਕਿ ਉਹ ਕਿੰਨੀ ਤੇਜ਼ੀ ਨਾਲ ਗੱਡੀ ਚਲਾ ਰਿਹਾ ਸੀ।

# ਮਾਰਖਮ ਦੇ ਸਟੋਰ ਉੱਤੇ ਵੇਚੇ ਜਾ ਰਹੇ ਹਨ ਭੰਗ ਵਾਲੇ ਉਤਪਾਦ



ਮਾਰਖਮ, 23 ਫਰਵਰੀ (ਪੋਸਟ ਬਿਊਰੋ) : ਯੌਰਕ ਰੀਜਨਲ ਪੁਲਿਸ ਵੱਲੋਂ ਮਾਪਿਆਂ ਨੂੰ ਇਹ ਚੇਤਾਵਨੀ ਦਿੱਤੀ ਜਾ ਰਹੀ ਹੈ ਕਿ ਮਾਰਖਮ ਦੇ ਇੱਕ ਕਨਵੇਐਂਸ ਸਟੋਰ ਵਿੱਚ ਗੈਰਕਾਨੂੰਨੀ ਢੰਗ ਨਾਲ ਭੰਗ ਦੇ ਉਤਪਾਦ ਨਾਬਾਲਗ ਟੀਨੇਜਰਜ਼ ਨੂੰ ਵੇਚੇ ਜਾ ਰਹੇ ਹਨ। ਇਨ੍ਹਾਂ ਵਿੱਚ ਕੈਂਡੀ ਨਾਲ ਮੇਲ ਖਾਂਦੇ ਭੰਗ ਵਾਲੇ ਉਤਪਾਦ ਵੀ ਹਨ।

ਪੁਲਿਸ ਨੇ ਦੱਸਿਆ ਕਿ ਇੱਕ ਸਥਾਨਕ ਰੈਜ਼ੀਡੈਂਟ ਵੱਲੋਂ ਜਨਵਰੀ ਦੇ ਸ਼ੁਰੂ ਵਿੱਚ ਰਿਪੋਰਟ ਫਾਈਲ ਕੀਤੀ ਗਈ ਸੀ ਕਿ ਇਸ ਸਟੋਰ ਵਿੱਚ 19 ਸਾਲਾਂ ਤੋਂ ਘੱਟ ਉਮਰ ਦੇ ਬੱਚਿਆਂ ਨੂੰ ਵੇਪ ਉਤਪਾਦ ਵੇਚੇ ਜਾ ਰਹੇ ਹਨ। 18 ਫਰਵਰੀ ਨੂੰ ਅਧਿਕਾਰੀਆਂ ਨੇ ਮੇਜਰ ਮੈਕੈਂਜੀ ਡਰਾਈਵ ਈਸਟ ਦੇ ਦੱਖਣ ਵਿੱਚ ਕੈਨੇਡੀ ਰੋਡ ਉੱਤੇ ਸਥਿਤ ਐਂਗਸ ਗਲੈਨ ਕਨਵੇਐਂਸ ਸਟੋਰ ਉੱਤੇ ਸਰਚ ਵਾਰੰਟ ਰਾਹੀਂ ਤਲਾਸ਼ੀ ਲਈ ਗਈ। ਇਸ ਸਟੋਰ ਵਿੱਚੋਂ ਪੁਲਿਸ ਨੂੰ ਭੰਗ ਵਾਲੇ ਖਾਣ ਵਾਲੇ ਪਦਾਰਥ, ਡਿਸਪੋਜ਼ੇਬਲ ਕੈਨਾਬਿਸ ਵੇਪ ਪੈਨ ਤੇ ਕੈਨਾਬਿਸ ਦੇ ਬੀਜ ਵੀ ਮਿਲੇ।

ਇਸ ਸਟੋਰ ਵਿੱਚੋਂ ਬਰਾਮਦ ਕੀਤੀਆਂ ਗਈਆਂ ਆਈਟਮਾਂ ਦੀ ਕੀਮਤ 10,000 ਡਾਲਰ ਦੇ ਨੇੜੇ ਤੇੜੇ ਹੈ। ਇਸ ਦੌਰਾਨ ਏਅਰਹੈੱਡਜ਼, ਸਾਈਕੋ ਬੀਅਰਜ਼ ਤੇ ਸਟੋਨਰ ਪੈਚ ਵਰਗੇ ਉਤਪਾਦ ਮਿਲੇ ਹਨ। ਇਹ ਉਤਪਾਦ ਹੂ ਬ ਹੂ ਉਨ੍ਹਾਂ ਕੈਂਡੀ ਉਤਪਾਦਾਂ ਨਾਲ ਮੇਲ ਖਾਂਦੇ ਹਨ ਜਿਨ੍ਹਾਂ ਨੂੰ ਬੱਚਿਆਂ ਲਈ ਤਿਆਰ ਕੀਤਾ ਜਾਂਦਾ ਤੇ ਵੇਚਿਆ ਜਾਂਦਾ ਹੈ। ਸਟੋਰ ਦੇ ਮੈਨੇਜਰ ਤੇ ਹੋਰ ਕਰਮਚਾਰੀਆਂ ਨੂੰ ਵੇਚਣ ਦੇ ਇਰਾਦੇ ਨਾਲ ਭੰਗ ਕੋਲ ਰੱਖਣ ਲਈ ਚਾਰਜ ਕੀਤਾ ਗਿਆ ਹੈ।

# ਇੱਕ ਹੋਰ ਬਿਲਡਿੰਗ ਤੋਂ ਸੁੱਟੀਆਂ ਗਈਆਂ ਬੋਤਲਾਂ ਤੇ ਖਾਣ-ਪੀਣ ਦਾ ਸਾਮਾਨ



ਟੋਰਾਂਟੋ, 23 ਫਰਵਰੀ (ਪੋਸਟ ਬਿਊਰੋ) : ਸੋਮਵਾਰ ਰਾਤ ਨੂੰ ਫਾਇਨਾਂਸ਼ੀਅਲ ਡਿਸਟ੍ਰਿਕਟ ਕੌਂਡੋ ਬਿਲਡਿੰਗ ਤੋਂ ਖਾਣ ਪੀਣ ਵਾਲੀਆਂ ਚੀਜ਼ਾਂ ਤੇ ਪਾਣੀ ਦੀਆਂ ਬੋਤਲਾਂ ਸੁੱਟੀਆਂ ਗਈਆਂ। ਦੋ ਦਿਨ ਪਹਿਲਾਂ ਵੀ ਇੱਕ ਅਜਿਹਾ ਕੇਸ ਹੋ ਚੁੱਕਿਆ ਹੈ।

ਪੁਲਿਸ ਅਧਿਕਾਰੀਆਂ ਨੂੰ ਰਿਚਮੰਡ ਤੇ ਬੇਅ ਸਟਰੀਟਸ ਇਲਾਕੇ ਵਿੱਚ ਟੈਂਪਰੈਂਸ ਸਟਰੀਟ ਉੱਤੇ ਸਥਿਤ ਕੌਂਡੋ ਉੱਤੇ ਰਾਤੀਂ 8:40 ਉੱਤੇ ਸੱਦਿਆ ਗਿਆ। ਇਸ ਦੌਰਾਨ ਪੁਲਿਸ ਨੂੰ ਇਹ ਜਾਣਕਾਰੀ ਦਿੱਤੀ ਗਈ ਕਿ ਕਿਸੇ ਵੱਲੋਂ ਬਿਲਡਿੰਗ ਤੋਂ ਚੀਜ਼ਾਂ ਸੁੱਟੀਆਂ ਜਾ ਰਹੀਆਂ ਹਨ। ਪੁਲਿਸ ਦਾ ਕਹਿਣਾ ਹੈ ਕਿ ਇਹ ਫੂਡ ਤੇ ਵਾਟਰ ਬੌਟਲਾਂ ਬਹੁਤ ਹੀ ਉੱਚੀ ਮੰਜ਼ਿਲ ਤੋਂ ਹੇਠਾਂ ਸੁੱਟੀਆਂ ਗਈਆਂ , ਇਨ੍ਹਾਂ ਕਾਰਨ ਕਾਰ ਦੀ ਮੂੰਹ ਸੰਭਾਲ ਰਿਹਾ ਹੈ।

ਇਸ ਤੋਂ ਇੱਕ ਦਿਨ ਪਹਿਲਾਂ ਯੌਰਕ ਸਟਰੀਟ ਤੇ ਲੇਕ ਸ਼ੋਰ ਬੋਲੀਵੀਆਰਡ ਸਥਿਤ ਇਮਾਰਤ ਦੀ 35ਵੀਂ ਮੰਜਿਲ ਤੋਂ ਵੀ ਬੋਤਲਾਂ ਹੇਠਾਂ ਸੁੱਟੀਆਂ ਗਈਆਂ ਸਨ। ਪੁਲਿਸ ਨੇ ਦੱਸਿਆ ਕਿ ਇਹ ਬੋਤਲਾਂ ਆਦਿ ਉਸ ਇਮਾਰਤ ਵਿੱਚੋਂ ਹੇਠਾਂ ਸੁੱਟੀਆਂ ਗਈਆਂ ਸਨ ਜਿੱਥੇ ਲੋਕ ਪਾਰਟੀ ਕਰ ਰਹੇ ਸਨ। ਚਾਰ ਵਿਅਕਤੀਆਂ ਨੂੰ ਇਸ ਸਬੰਧ ਵਿੱਚ ਗ੍ਰਿਫਤਾਰ ਕੀਤਾ ਗਿਆ ਹੈ। ਸੱਤ ਹੋਰ ਵਿਅਕਤੀਆਂ ਨੂੰ ਐਮਰਜੰਸੀ ਆਰਡਰਜ ਦੀ ਉਲੰਘਣਾ ਕਰਨ ਦੇ ਮਾਮਲੇ ਵਿੱਚ ਚਾਰਜ ਕੀਤਾ ਗਿਆ ਹੈ।

# ਜੋਅ ਬਾਇਡੇਨ ਵੱਲੋਂ ਨਾਮਜ਼ਦ ਕੀਤੀ ਨੀਰਾ ਟੰਡਨ ਦੋਸ਼ਾਂ ਵਿੱਚ ਘਿਰੀ

*** ਸੈਨੇਟ ਵਿੱਚ ਨਾਮਜ਼ਦਗੀ ਪਾਸ ਹੋਣ ਅੱਗੇ ਸੰਕਟ ਖੜਾ**

ਵਾਸ਼ਿੰਗਟਨ, 23 ਫਰਵਰੀ, (ਪੋਸਟ ਬਿਊਰੋ)- ਅਮਰੀਕੀ ਰਾਸ਼ਟਰਪਤੀ ਜੋਅ ਬਾਈਡੇਨ ਵੱਲੋਂ ਵ੍ਹਾਈਟ ਹਾਊਸ ਦੇ ਪ੍ਰਬੰਧ ਅਤੇ ਬੱਜਟ ਦਫਤਰ ਦੇ ਡਾਇਰੈਕਟਰ ਲਈ ਨਾਮਜ਼ਦ ਭਾਰਤੀ-ਅਮਰੀਕੀ ਮਹਿਲਾ ਨੀਰਾ ਟੰਡਨ ਦੀ ਨਿਯੁਕਤੀ ਦੀ ਸੈਨੇਟ ਵਿਚ ਪੁਸ਼ਟੀ ਉੱਤੇ ਸੰਕਟ ਦੇ ਬੱਦਲ ਛਾ ਗਏ ਹਨ। ਰਿਪਬਲਿਕਨ ਪਾਰਟੀ ਦੇ 3 ਪਾਰਲੀਮੈਂਟ ਮੈਂਬਰਾਂ ਅਤੇ ਘੱਟੋ-ਘੱਟ ਇਕ ਡੈਮੋਕ੍ਰੇਟਿਕ ਪਾਰਟੀ ਦੇ ਪਾਰਲੀਮੈਂਟ ਮੈਂਬਰ ਨੇ ਉਨ੍ਹਾਂ ਦੇ ਖਿਲਾਫ ਵੋਟਿੰਗ ਕਰਨ ਦਾ ਫੈਸਲਾ ਕੀਤਾ ਹੈ। ਇਸ ਫੈਸਲੇ ਦੇ ਲਈ ਉਨ੍ਹਾਂ ਨੇ ਨੀਰਾ ਟੰਡਨ ਵੱਲੋਂ ਸੋਸ਼ਲ ਮੀਡੀਆ ਉੱਤੇ ਕੀਤੇ ਵਿਹਾਰ ਦਾ ਹਵਾਲਾ ਦਿੱਤਾ ਹੈ।

ਵਰਨਣ ਯੋਗ ਹੈ ਕਿ ਨੀਰਾ ਟੰਡਨ ਨੇਸੁਣਵਾਈ ਪ੍ਰਕਿਰਿਆ ਸ਼ੁਰੂ ਹੋਣ ਤੋਂ ਪਹਿਲਾਂ ਕਰੀਬ ਇੱਕ ਹਜ਼ਾਰ ਤੋਂ ਵੱਧ ਟਵੀਟਸ ਡਿਲੀਟ ਕਰਦਿੱਤੇ ਸਨ। ਇਸ ਮਹੀਨੇ ਦੇ ਸ਼ੁਰੂ ਵਿਚ ਆਪਣੇ ਨਾਂ ਦੀ ਪੁਸ਼ਟੀ ਦੀ ਸੁਣਵਾਈ ਹੋਣ ਦੌਰਾਨ ਨੀਰਾ ਨੇਆਪਣੀਆਂ ਸੋਸ਼ਲ ਮੀਡੀਆ ਟਿੱਪਣੀਆਂ ਲਈਸੈਨੇਟਰਾਂ ਤੋਂ ਮੁਆਫੀ ਵੀ ਮੰਗੀ ਸੀ। ਵ੍ਹਾਈਟ ਹਾਊਸ ਨੇ ਅੱਜ ਸੋਮਵਾਰ ਨੂੰ ਕਿਹਾ ਕਿ ਡੈਮੋਕ੍ਰੇਟ ਅਤੇ ਰਿਪਬਲਿਕਨ ਪਾਰਲੀਮੈਂਟ ਮੈਂਬਰਾਂ ਨਾਲ ਸੰਪਰਕ ਕੀਤਾ ਜਾ ਰਿਹਾ ਹੈ ਤਾਂ ਕਿ ਨੀਰਾ ਟੰਡਨ ਦੇ ਨਾਂ ਦੀ ਪੁਸ਼ਟੀ ਹੋ ਸਕੇ।ਵ੍ਹਾਈਟ ਹਾਊਸ ਦੀ ਪ੍ਰੈੱਸ ਸੈਕਟਰੀ ਜੇਨ ਸਾਕੀ ਨੇ ਡੇਲੀ ਪ੍ਰੈੱਸ ਕਾਨਫਰੰਸ ਵਿੱਚ ਕਿਹਾ ਕਿ ਸਾਡਾ ਯਤਨ ਨਾ ਸਿਰਫ ਰਿਪਬਲਿਕਨ ਪਾਰਲੀਮੈਂਟ ਮੈਂਬਰਾਂ ਨਾਲ ਸੰਪਰਕ ਕਰਨ ਦਾ ਹੈ, ਸਗੋਂ ਇਹ ਯਕੀਨੀ ਕਰਨ ਦਾ ਵੀ ਹੈ ਕਿ ਜਿਨ੍ਹਾਂ ਡੈਮੋਕ੍ਰੇਟਿਕ ਮੈਂਬਰਾਂ ਕੋਲ ਸਵਾਲ ਅਤੇ ਚਿੰਤਾਵਾਂ ਹਨ, ਉਨ੍ਹਾਂ ਦਾ ਵੀ ਜਵਾਬ ਦਿੱਤਾ ਜਾਵੇ।

ਰਿਬਲਿਕਨ ਪਾਰਲੀਮੈਂਟ ਮੈਂਬਰ ਰਾਬ ਪੋਰਟਮੈਨ ਨੇ ਸੁਣਵਾਈ ਪ੍ਰਕਿਰਿਆ ਮੌਕੇ ਨੀਰਾ ਟੰਡਨ ਦੇ ਖਿਲਾਫ ਵੋਟਿੰਗ ਦਾ ਐਲਾਨ ਕੀਤਾ ਅਤੇ 2 ਹੋਰ ਪਾਰਲੀਮੈਂਟ ਮੈਂਬਰਾਂ ਸੁਜ਼ਨ ਕਾਲਿਨਸ ਅਤੇ ਮਿਟ ਰੋਮਨੀ ਨੇ ਵੀ ਉਨ੍ਹਾਂ ਦੇ ਖਿਲਾਫ ਵੋਟਿੰਗ ਦਾ ਐਲਾਨ ਕੀਤਾ ਹੈ। ਇਸ ਤੋਂ ਪਹਿਲਾਂ ਵੈਸਟ ਵਰਜੀਨੀਆ ਦੇ ਸੈਨੇਟਰ ਜੋਅ ਮਾਨਚਿਨ ਨੇ ਟੰਡਨ ਦੇ ਨਾਂ ਦੀ ਪੁਸ਼ਟੀ ਦਾ ਵਿਰੋਧ ਕੀਤਾ ਸੀ। ਉਹ ਏਦਾਂ ਕਰਨ ਵਾਲੇ ਪਹਿਲੇ ਡੈਮੋਕ੍ਰੇਟਿਕ ਪਾਰਲੀਮੈਂਟ ਮੈਂਬਰ ਹਨ। ਸੈਨੇਟ ਵਿਚ ਡੈਮੋਕ੍ਰੇਟ ਦੇ 50 ਤੇ ਰਿਪਬਲਿਕਨ ਪਾਰਟੀ ਦੇ ਵੀ 50 ਮੈਂਬਰ ਹੀ ਹਨ। ਰਾਬ ਪੋਰਟਮੈਨ ਦਾ ਦੋਸ਼ ਹੈ ਕਿ ਨੀਰਾ ਟੰਡਨ ਦਾ ਜਿਹੜਾ ਵਿਹਾਰ ਰਿਹਾ ਅਤੇ ਜਨਤਕ ਪੱਧਰ ਉੱਤੇ ਉਸ ਨੇ ਜਿਹੜੇ ਬਿਆਨ ਦਿੱਤੇ ਹਨ, ਉਨ੍ਹਾਂ ਦੇ ਕਾਰਨ ਉਹ ਆਪਣੀ ਭੂਮਿਕਾ ਵਿਚ ਦੋਵਾਂ ਪਾਰਟੀਆਂ ਨਾਲ ਮਿਲ ਕੇ ਪ੍ਰਭਾਵੀ ਤਰੀਕੇ ਨਾਲ ਕੰਮ ਨਹੀਂ ਕਰ ਸਕੇਗੀ।

# ਟੈਕਸਸ ਵਿੱਚ ਮਾਲਗੱਡੀ ਨਾਲ ਟਕਰਾਇਆ ਟਰੱਕ, ਧਮਾਕੇ ਮਗਰੋਂ ਲੱਗੀ ਅੱਗ



ਕੈਮਰੂਨ, ਟੈਕਸਸ, 23 ਫਰਵਰੀ (ਪੋਸਟ ਬਿਊਰੋ) : ਸੈਂਟਰਲ ਟੈਕਸਸ ਵਿੱਚ ਇੱਕ ਟਰੈਕਟਰ ਟਰੇਲਰ ਤੇ ਮਾਲ ਗੱਡੀ ਦੀ ਟੱਕਰ ਕਾਰਨ ਜ਼ਬਰਦਸਤ ਧਮਾਕਾ ਹੋਇਆ ਤੇ ਅੱਗ ਲੱਗ ਗਈ। ਇਹ ਜਾਣਕਾਰੀ ਅਧਿਕਾਰੀਆਂ ਨੇ ਦਿੱਤੀ।

ਡੱਲਾਸ ਤੋਂ 130 ਮੀਲ ਦੱਖਣ ਵੱਲ ਕੈਮਰੂਨ ਵਿੱਚ ਹੋਏ ਇਸ ਹਾਦਸੇ ਵਿੱਚ ਅਜੇ ਤੱਕ ਕਿਸੇ ਦੇ ਜ਼ਖ਼ਮੀ ਹੋਣ ਦੀ ਕੋਈ ਖਬਰ ਨਹੀਂ ਹੈ। ਅਧਿਕਾਰੀਆਂ ਨੇ ਆਖਿਆ ਕਿ ਅੱਗ ਲੱਗਣ ਕਾਰਨ ਇਸ ਇਲਾਕੇ ਦੇ ਕਈ ਘਰਾਂ ਨੂੰ ਫੌਰੀ ਖਾਲੀ ਕਰਵਾ ਲਿਆ ਗਿਆ। ਮਿਲਮ ਕਾਊਂਟੀ ਜੱਜ ਸਟੀਵ ਯੰਗ ਨੇ ਦੱਸਿਆ ਕਿ ਟਰੱਕ ਜ਼ੋਰ ਨਾਲ ਗੱਡੀ ਨਾਲ ਜਾ ਟਕਰਾਇਆ, ਜਿਸ ਕਾਰਨ 14 ਬੋਗੀਆਂ ਲੀਹ ਤੋਂ ਲਹਿ ਗਈਆਂ।

ਮਿਲਮ ਕਾਊਂਟੀ ਸ਼ੈਰਿਫ ਕ੍ਰਿਸ ਵਾਈਟ ਨੇ ਆਖਿਆ ਕਿ ਗੱਡੀ ਵਿੱਚ ਕੋਇਲਾ ਤੇ ਗੈਸੋਲੀਨ ਲਿਜਾਈ ਜਾ ਰਹੀ ਸੀ, ਜਿਸ ਕਾਰਨ ਅੱਗ ਲੱਗ ਗਈ। ਉਨ੍ਹਾਂ ਆਖਿਆ ਕਿ ਗੱਡੀ ਦੇ ਪਿਛਲੇ ਹਿੱਸੇ ਵਿੱਚ ਹੋਰ ਬਲਨਸ਼ੀਲ ਸਮੱਗਰੀ ਸੀ ਪਰ ਉਹ ਨਹੀਂ ਡੁੱਲ੍ਹੀ। ਵਾਈਟ ਨੇ ਆਖਿਆ ਕਿ ਹਾਲ ਦੀ ਘੜੀ ਹੋਰ ਕੋਈ ਖਤਰਾ ਨਹੀਂ ਹੈ।



## ਅੱਜ ਨਾਮਾ

ਆਇਆ ਜਦੋਂ ਕੋਰੋਨਾ ਤਾਂ ਪਈ ਦਹਿਸ਼ਤ,
ਆਉਂਦੇ ਘਰੋਂ ਨਾ ਬਾਹਰ ਸੀ ਲੋਕ ਮਿੱਤਰ।
ਜਾਂਦਾਕੋਈ ਜੇ ਮਾਸਕ ਸੀ ਨਹੀਂ ਲਾਉਂਦਾ,
ਉਸ ਨੂੰ ਦਿੰਦੇ ਸੀ ਲੋਕ ਕਈ ਟੋਕ ਮਿਤਰ।
ਹਟ ਗਏ ਜਾਣ ਤੋਂ ਲੋਕ ਸੀ ਸ਼ਾਦੀਆਂ'ਤੇ,
ਜਾਂਦੇ ਕਰਨ ਨਾ ਮ੍ਰਿਤਕ ਦਾ ਸ਼ੋਕ ਮਿੱਤਰ।
ਹਾਲਤ ਸੁਧਰੀ ਤਾਂ ਲੋਕ ਬੇਫਿਕਰ ਹੋ ਗਏ,
ਮਰ ਗਈ ਜਿਵੇਂ ਕੋਰੋਨਾ ਦੀ ਜੋਕ ਮਿੱਤਰ।
ਲੱਗਿਆ ਫੇਰ ਇਹ ਵਧਣ ਆ ਦੇਸ਼ ਅੰਦਰ,
ਲੱਗਿਆ ਸਿੱਧਾ ਪੰਜਾਬ ਨੂੰ ਆਉਣ ਮਿੱਤਰ।
ਕਰੋ ਬਈ ਚੌਕਸੀ, ਢਿੱਲ ਨਾ ਕਿਤੇ ਕਰਿਓ,
ਕਰਿਓ ਆਪ ਹੀ ਬਚਣ-ਬਚਾਉਣ ਮਿੱਤਰ।

ਤੀਸ ਮਾਰ ਖਾਂ

# ਕੋਰੋਨਾ ਦਾ ਖਤਰਾ ਵਧਿਆ: ਪੰਜਾਬ ਵਿੱਚ ਇਕ ਮਾਰਚ ਤੋਂ ਇਨਡੋਰ ਤੇ ਆਊਟਡੋਰ ਸਮਾਗਮਾਂ ਉੱਤੇ ਪਾਬੰਦੀਆਂ ਲਾਉਣ ਦਾ ਫੈਸਲਾ



ਚੰਡੀਗੜ੍ਹ, 23 ਫਰਵਰੀ, (ਪੋਸਟ ਬਿਊਰੋ)- ਪੰਜਾਬਵਿੱਚਕੋਰੋਨਾ ਵਾਇਰਸ ਦੇ ਵਧ ਰਹੇ ਕੇਸਾਂਤੋਂ ਚਿੰਤਾ ਵਧਣ ਕਰ ਕੇ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਇਨ-ਡੋਰ ਅਤੇ ਆਊਟ-ਡੋਰ ਇਕੱਠਾਂ ਉਪਰ ਰੋਕ ਲਾਉਂਦੇ ਹੋਏ ਇਕ ਮਾਰਚ ਤੋਂ ਇਨ-ਡੋਰ ਇਕੱਠਾਂ ਦੀ ਗਿਣਤੀ ਇੱਕ ਸੌ ਲੋਕਾਂਤੱਕਤੇ ਆਊਟ-ਡੋਰ ਇਕੱਠਾਂ ਦੀ ਗਿਣਤੀ ਦੋ ਸੌ ਲੋਕਾਂਤੱਕ ਸੀਮਤ ਕਰਨ ਦੇ ਹੁਕਮ ਦਿੱਤੇ ਹਨ। ਇਸ ਦੇ ਨਾਲ ਮੁੱਖ ਮੰਤਰੀ ਨੇ ਮਾਸਕ ਪਹਿਨਣ ਤੇ ਸਮਾਜਿਕ ਦੂਰੀ ਦਾ ਸਖ਼ਤੀ ਨਾਲ ਪਾਲਣ ਕਰਨ ਅਤੇ ਟੈਸਟਿੰਗ ਵਧਾ ਕੇ ਪ੍ਰਤੀ ਦਿਨ 30,000 ਤੱਕ ਕਰਨ ਦੇ ਹੁਕਮਦਿੱਤੇ ਹਨ।

ਕੋਰੋਨਾ ਵਾਇਰਸ ਦੇ ਵਧਣ ਨਾਲ ਪੈਦਾ ਹੋਏ ਹਾਲਾਤ ਬਾਰੇ ਅੱਜ ਉਚ-ਪੱਧਰੀ ਵਰਚੂਅਲ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਡਿਪਟੀ ਕਮਿਸ਼ਨਰਾਂ ਨੂੰ ਆਪ ਆਪਣੇ ਜ਼ਿਲ੍ਹਿਆਂ ਵਿੱਚ ਹਾਟ-ਸਪਾਟ ਇਲਾਕਿਆਂ ਵਿੱਚ ਲੋੜ ਪੈਣ ਉੱਤੇ ਰਾਤ ਦਾ ਕਰਫ਼ਿਊ ਲਾਉਣ ਦਾ ਅਧਿਕਾਰ ਦਿੱਤਾ ਤੇ ਕਿਹਾ ਹੈ ਕਿ ਮਾਈਕ੍ਰੋ ਕੰਟੇਨਮੈਂਟ ਰਣਨੀਤੀ ਵੀ ਅਪਣਾਈ ਜਾਵੇਗੀ। ਉਨ੍ਹਾਂ ਨੇ ਮਾਸਕ ਪਹਿਨਣਅਤੇ ਸਾਰੇ ਰੈਸਟੋਰੈਂਟਾਂ ਅਤੇ ਮੈਰਿਜ ਪੈਲੇਸਾਂ ਵੱਲੋਂ ਕੋਵਿਡ ਨਿਗਰਾਨੀ ਲਾਉਣ ਬਾਰੇ ਜਾਰੀ ਨੋਟੀਫਿਕੇਸ਼ਨ ਦਾ ਸਖ਼ਤੀ ਨਾਲ ਪਾਲਣ ਕਰਵਾਉਣ ਲਈਪੁਲੀਸ ਨੂੰਹੁਕਮਦਿੱਤੇ ਤੇ ਇਸ ਕੰਮ ਲਈ ਐਕਸਾਈਜ਼ ਅਤੇ ਟੈਕਸ ਵਿਭਾਗ ਨੂੰ ਨੋਡਲ ਏਜੰਸੀ ਬਣਾਇਆ ਹੈ।ਟੈਸਟਿੰਗ ਵਧਾਉਣ ਦੇ ਹੁਕਮ ਦਿੰਦੇ ਹੋਏ ਮੁੱਖ ਮੰਤਰੀ ਨੇਹਰ ਪਾਜ਼ੇਟਿਵ ਮਰੀਜ਼ ਦੇ ਸੰਪਰਕ ਵਿੱਚ ਆਏ 15 ਲੋਕਾਂਦਾ ਲਾਜ਼ਮੀ ਟੈਸਟ ਕਰਵਾਉਣ ਦੇ ਹੁਕਮ ਦਿੱਤੇ ਹਨ, ਜਿਸ ਦੀ ਪ੍ਰਗਤੀ ਦਾ ਜਾਇਜ਼ਾ ਸਿਹਤ ਵਿਭਾਗ ਲਵੇਗਾ।ਸੁਰੱਖਿਆ ਪ੍ਰਬੰਧਾਂ ਦੀ ਪਾਲਣਾ ਲਈ ਪੰਜਾਬ ਪੁਲੀਸ ਵੱਲੋਂਚੁੱਕੇ ਕਦਮਾਂ ਬਾਰੇ ਪੰਜਾਬ ਪੁਲਸ ਦੇ ਮੁਖੀ(ਡੀ ਜੀ ਪੀ) ਦਿਨਕਰ ਗੁਪਤਾ ਨੇ ਕਿਹਾ ਕਿ ਰੋਕਾਂ ਉੱਤੇ ਸਖ਼ਤੀ ਨਾਲ ਅਮਲ ਦੇ ਲਈ ਫੀਲਡ ਅਧਿਕਾਰੀਆਂ ਨੂੰ ਹਦਾਇਤਾਂ ਜਾਰੀ ਕੀਤੀਆਂ ਜਾ ਚੁੱਕੀਆਂ ਹਨ।

ਇਸ ਤੋਂ ਪਹਿਲਾਂ ਸਿਹਤ ਵਿਭਾਗ ਦੇ ਸੈਕਟਰੀ ਹੁਸਨ ਲਾਲ ਨੇ ਦੱਸਿਆ ਕਿ ਅੰਮ੍ਰਿਤਸਰ, ਹੁਸ਼ਿਆਰਪੁਰ, ਜਲੰਧਰ, ਲੁਧਿਆਣਾ, ਪਟਿਆਲਾ, ਐਸ ਏ ਐਸ ਨਗਰ ਤੇ ਸ਼ਹੀਦ ਭਗਤ ਸਿੰਘ ਨਗਰ ਜ਼ਿਲ੍ਹਿਆਂ ਵਿੱਚਪਿਛਲੇ ਦਿਨਾਂ ਵਿੱਚ ਕੋਵਿਡ ਦੇ ਕੇਸਾਂ ਵਿੱਚ ਵਾਧੇ ਕਾਰਨ ਪੰਜਾਬਵਿੱਚ ਦੂਸਰੀ ਲਹਿਰ ਉੱਠਣ ਦੇ ਸ਼ੱਕ ਪ੍ਰਗਟ ਕੀਤੇ ਜਾਣ ਲੱਗੇ ਹਨ। ਉਨ੍ਹਾਂ ਦੱਸਿਆ ਕਿ ਟੀਕਾ ਲਾਏ ਜਾਣ ਪਿੱਛੋਂ ਮਾਮੂਲੀ ਮਾੜੇ ਪ੍ਰਭਾਵ ਦੇ ਅੱਜਤੱਕ 61 ਕੇਸਪਤਾ ਲੱਗੇ ਸਨ, ਜਦੋਂ ਕਿ ਛੇ ਕੇਸ ਅੱਤ ਗੰਭੀਰ ਤੇ 14 ਗੰਭੀਰ ਕੇਸ ਸਾਹਮਣੇ ਆਏ ਸਨ, ਪਰ ਇਹ ਸਾਰੇ ਠੀਕ ਹੋ ਚੁੱਕੇ ਹਨ।

## ਸੁਪਰੀਮ ਕੋਰਟ ਨੇ ਕਿਹਾ: ਗੱਲਬਾਤ ਦੇ ਵੇਰਵੇ ਦੇ ਆਧਾਰ ਉਤੇ ਜਾਂਚ ਨਹੀਂ ਹੋ ਸਕਦੀ

ਨਵੀਂ ਦਿੱਲੀ, 23 ਫਰਵਰੀ (ਪੋਸਟ ਬਿਊਰੋ)- ਸੁਪਰੀਮ ਕੋਰਟ ਨੇ ਕੱਲ੍ਹ ਕਿਹਾ ਕਿ ਉਹ ਇਸ ਦੀ ਜਾਂਚ ਨਹੀਂ ਕਰ ਸਕਦੇ ਕਿ ਆਂਧਰਾ ਪ੍ਰਦੇਸ਼ ਹਾਈ ਕੋਰਟ ਦੇ ਸਾਬਕਾ ਜੱਜ ਜਸਟਿਸ ਵੀ. ਇਸ਼ਵਰਈਆ ਅਤੇ ਹੇਠਲੀ ਅਦਾਲਤ ਦੇ ਇੱਕ ਸਸਪੈਂਡ ਕੀਤੇ ਹੋਏ ਮੈਜਿਸਟ੍ਰੇਟ ਵਿਚਾਲੇ ਅਮਰਾਵਤੀ ਜ਼ਮੀਨ ਘੁਟਾਲਾ ਕੇਸ ਵਿੱਚ 'ਬੇਨਾਮੀ' ਲੈਣ-ਦੇਣ ਸਮੇਤ ਵੱਖ-ਵੱਖ ਮੁੱਦਿਆਂ ਬਾਰੇ ਫੋਨ ਉੱਤੇ ਕੀ-ਕੀ ਗੱਲਬਾਤ ਹੋਈ ਹੈ। ਇਹ ਗੱਲਬਾਤ ਚਰਚਾ ਵਿੱਚ ਹੈ।

ਜਸਟਿਸ ਅਸ਼ੋਕ ਭੂਸ਼ਣ ਅਤੇ ਜਸਟਿਸ ਆਰ ਐਸ ਰੈਡੀ ਦੇ ਬੈਂਚ ਨੇ ਜਸਟਿਸ ਈਸ਼ਵਰਈਆ ਦੀ ਉਸ ਪਟੀਸ਼ਨ 'ਤੇ ਵੀ ਫੈਸਲਾ ਸੁਰੱਖਿਅਤ ਰੱਖਿਆ, ਜਿਸ ਵਿੱਚ ਉਨ੍ਹਾਂ ਨੇ ਆਂਧਰਾ ਪ੍ਰਦੇਸ਼ ਹਾਈ ਕੋਰਟ ਦੇ ਉਸ ਫੈਸਲੇ 'ਤੇ ਰੋਕ ਲਾਉਣ ਦੀ ਮੰਗ ਕੀਤੀ ਸੀ, ਜਿਸ ਵਿੱਚ ਸਸਪੈਂਡਿਡ ਜ਼ਿਲ੍ਹਾ ਮੈਜਿਸਟ੍ਰੇਟ ਨਾਲ ਉਨ੍ਹਾਂ ਦੀ ਗੱਲਬਾਤ ਦੀ ਜਾਂਚ ਦੇ ਨਿਰਦੇਸ਼ ਦਿੱਤੇ ਗਏ ਸਨ। ਹਾਈ ਕੋਰਟ ਨੇ ਕਿਹਾ ਸੀ ਕਿ ਫੋਨ ਉੱਤੇ ਹੋਈ ਉਨ੍ਹਾਂ ਦੀ ਗੱਲਬਾਤ ਨਾਲ ਅਦਾਲਤ ਦੇ ਖਿਲਾਫ ਇੱਕ ਗੰਭੀਰ ਸਾਜ਼ਿਸ਼ ਜ਼ਾਹਰ ਹੋਈ ਹੈ। ਵੀਡੀਓ ਕਾਨਫਰੰਸ ਰਾਹੀਂ ਹੋਈ ਸੁਣਵਾਈ ਦੌਰਾਨ ਸੁਪਰੀਮ ਕਰੋਟ ਦੇ ਬੈਂਚ ਨੇ ਕਿਹਾ ਕਿ ਇਹ ਅਦਾਲਤ ਇਸ ਗੱਲ ਦੀ ਜਾਂਚ ਨਹੀਂ ਕਰ ਸਕਦੀ ਕਿ ਉਨ੍ਹਾਂ ਦੀ ਗੱਲਬਾਤ ਦੀ ਲਿਖਤ ਕਾਪੀ ਵਿੱਚ ਕੀ ਹੈ ਅਤੇ ਕੀ ਛੁੱਟ ਗਿਆ ਹੈ, ਇਸ ਬਾਰੇ ਹਾਈ ਕੋਰਟ ਨੂੰ ਫੈਸਲਾ ਕਰਨ ਦਿਓ।

ਹਾਈ ਕੋਰਟ ਦੇ ਸਾਬਕਾ ਜੱਜ ਵੱਲੋਂ ਪੇਸ਼ ਹੋਏ ਵਕੀਲ ਪ੍ਰਸ਼ਾਂਤ ਭੂਸ਼ਣ ਨੇ ਕਿਹਾ ਕਿ ਹਾਈ ਕੋਰਟ ਦੇ ਹੁਕਮ 'ਤੇ ਰੋਕ ਲਾਉਣ ਦੀ ਲੋੜ ਹੈ, ਕਿਉਂਕਿ ਸਾਬਕਾ ਜੱਜ ਦਾ ਪੱਖ ਜਾਣੇ ਬਗੈਰ ਦੋਸ਼ ਲਾਏ ਗਏ ਹਨ।ਹਾਈ ਕੋਰਟ ਦੇ ਜਾਂਚ ਦੇ ਹੁਕਮ ਖਿਲਾਫ ਸੁਪਰੀਮ ਕੋਰਟ 'ਚ ਪਟੀਸ਼ਨ ਦਾਖਲ ਕੀਤੀ ਗਈ ਸੀ। ਸੁਪਰੀਮ ਕੋਰਟ ਵਿੱਚ ਪੇਸ਼ ਐਫੀਡੇਵਿਟ ਵਿੱਚ ਜਸਟਿਸ (ਸੇਵਾਮੁਕਤ) ਈਸ਼ਵਰਈਆ ਨੇ ਕਿਹਾ ਕਿ ਉਨ੍ਹਾਂ ਨੇ ਫੋਨ 'ਤੇ ਗੱਲਬਾਤ 'ਚ ਸਸਪੈਂਡਿਡਜੱਜ ਨਾਲ ਬੇਨਾਮੀ ਲੈਣ-ਦੇਣ ਦੀ ਜਾਣਕਾਰੀ ਮੰਗੀ ਸੀ, ਜਿਹੜੀ ਸੂਬੇ ਦੇ ਨਵੇਂ ਰਾਜਧਾਨੀ ਖੇਤਰ ਵਿੱਚ ਜ਼ਮੀਨੀ ਸੌਦੇ 'ਚ ਭ੍ਰਿਸ਼ਟਾਚਾਰ ਬਾਰੇ ਸੀ।

# ਮਹਿਰਾਜ ਪਿੰਡ ਵਿੱਚ ਲੱਖਾ ਸਿਧਾਣਾ ਦੇ ਸੱਦੇ ਉੱਤੇ ਜ਼ੋਰਦਾਰ ਰੈਲੀ

* ਭਾਸ਼ਣ ਕਰਨ ਪਿੱਛੋਂ ਮੋਟਰਸਾਈਕਲ ਉੱਤੇ ਨਿਕਲ ਗਿਆ ਲੱਖਾ ਸਿਧਾਣਾ



ਮਹਿਰਾਜ (ਬਠਿੰਡਾ), 23 ਫਰਵਰੀ, (ਪੋਸਟ ਬਿਊਰੋ)- ਭਾਰਤ ਦੀ ਨਰਿੰਦਰ ਮੋਦੀ ਸਰਕਾਰ ਦੇਤਿੰਨ ਖੇਤੀ ਕਾਨੂੰਨਾਂ ਨੂੰ ਰੱਦ ਕਰਵਾਉਣ ਅਤੇ ਦਿੱਲੀ ਪੁਲਿਸ ਵਲੋਂ ਗ੍ਰਿਫ਼ਤਾਰ ਕੀਤੇ ਗਏ ਨੌਜਵਾਨਾਂ ਨੂੰ ਰਿਹਾਅ ਕਰਵਾਉਣ ਲਈ ਅੱਜ ਮਹਿਰਾਜ ਵਿਖੇ ਰੱਖੀ ਗਈ ਰੈਲੀ ਵਿੱਚ ਨੌਜਵਾਨ ਆਗੂਲੱਖਾ ਸਿਧਾਣਾ ਦਿੱਲੀ ਪੁਲਸ ਵੱਲੋਂ ਗ੍ਰਿਫਤਾਰੀ ਦੇ ਸ਼ੱਕ ਦੇ ਬਾਵਜੂਦ ਪਹੁੰਚ ਗਿਆ। ਰੈਲੀ ਵਿੱਚਲੱਖਾ ਸਿਧਾਣਾ ਨੇ ਸਟੇਜ ਤੋਂ ਕਿਹਾ ਕਿ ਉਹ ਸ਼ਾਮ ਤਕ ਇੱਥੇ ਰਹੇਗਾ ਤੇ ਆਪਣੇ ਸਾਰੇ ਸਮਰਥਕਾਂ ਨੂੰ ਮਿਲਣ ਪਿੱਛੋਂ ਜਾਵੇਗਾ, ਪਰਰੈਲੀ ਨੂੰ ਸੰਬੋਧਨ ਕਰਨ ਦੇ ਬਾਅਦ ਉਹ ਮੋਟਰਸਾਈਕਲ ਉੱਤੇ ਚੜ੍ਹ ਕੇ ਗਾਇਬ ਹੋ ਗਿਆ। ਆਪਣੇ ਭਾਸ਼ਣ ਵਿੱਚਉਸ ਨੇ ਲੋਕਾਂ ਨੂੰ ਸਬਰ ਅਤੇ ਅਮਨ-ਸ਼ਾਂਤੀ ਬਣਾਈ ਰੱਖਣ ਲਈ ਕਿਹਾ।

ਲੱਖਾ ਸਿਧਾਣਾ ਨੇ ਸਟੇਜ ਤੋਂ ਬੋਲਦਿਆਂ ਕਿਹਾ ਕਿ ਉਸ ਦੀਆਂ ਰਗਾਂ ਵਿੱਚ ਵਗਦਾ ਖ਼ੂਨ ਪੰਜਾਬ ਲਈ ਹੈ ਅਤੇ ਜੇ ਡੁੱਲ੍ਹੇਗਾ ਤਾਂ ਉਹ ਪੰਜਾਬ ਦੇ ਲੋਕਾਂ ਲਈ ਡੁੱਲ੍ਹੇਗਾ।ਉਸ ਨੇ ਕਿਹਾ ਕਿ ਕੇਂਦਰ ਦੀ ਸਰਕਾਰ ਨੌਜਵਾਨਾਂ ਨੂੰ ਗ੍ਰਿਫ਼ਤਾਰ ਕਰਕੇ ਅੰਦੋਲਨ ਖ਼ਤਮ ਕਰਨਾ ਚਾਹੁੰਦੀ ਹੈ, ਪਰ ਪੰਜਾਬ ਦੇ ਲੋਕ ਇਸ ਤਰ੍ਹਾਂ ਨਹੀਂ ਹੋਣ ਦੇਣਗੇ। ਉਸ ਨੇ ਕਿਹਾ ਕਿ ਇਹ ਪੰਜਾਬ ਦੀਆਂ ਫ਼ਸਲਾਂ ਦੀ ਲੜਾਈ ਨਹੀਂ, ਨਸਲਾਂ ਅਤੇ ਹੋਂਦ ਦੀ ਲੜਾਈ ਹੈ, ਜਿਹੜੀਆਂ ਕੌਮਾਂ ਆਪਣੇ ਹੱਕਾਂ ਲਈ ਲੜਨਾ ਛੱਡ ਦੇਣ, ਉਨ੍ਹਾਂ ਦੀ ਹੋਂਦ ਖ਼ਤਮ ਹੋ ਜਾਂਦੀ ਹੈ। ਉਸ ਨੇ ਕਿਹਾ ਕਿ ਦਿੱਲੀ ਪੁਲਿਸ ਜਿੰਨੇ ਮਰਜ਼ੀ ਕੇਸ ਬਣਾਵੇ, ਪੰਜਾਬ ਦੇ ਲੋਕ ਤਿੰਨ ਕਾਨੂੰਨ ਰੱਦਹੋਣ ਤੋਂ ਬਿਨਾਂ ਪਿੱਛੇ ਨਹੀਂ ਹਟਣਗੇ। ਉਸ ਨੇ ਕਿਹਾ ਕਿ ਦਿੱਲੀ ਪੁਲਿਸ ਦੀਪ ਸਿੱਧੂ ਦਾ ਰਿਮਾਂਡ ਲੈ ਕੇ ਤਸ਼ੱਦਦ ਕਰ ਰਹੀ ਹੈ। ਲੱਖੇ ਨੇ ਕਿਹਾ ਕਿ ਭਾਵੇਂ ਕਿਸਾਨ ਆਗੂ ਰਾਜੇਵਾਲ ਨੇ ਕਿਹਾ ਕਿ ਲੱਖੇ ਬਾਰੇ ਸਰਕਾਰ ਹੀ ਫ਼ੈਸਲਾ ਲਵੇ, ਪਰ ਉਹ ਐਲਾਨ ਕਰਦੇ ਹਨ ਕਿ ਜੇਦਿੱਲੀ ਪੁਲਿਸ ਕਿਸੇ ਕਿਸਾਨ ਆਗੂ ਨੂੰ ਗ੍ਰਿਫ਼ਤਾਰ ਕਰੇਗੀ ਤਾਂ ਉਹ ਉਸ ਨਾਲ ਚੱਟਾਨ ਵਾਂਗ ਖੜੋਣਗੇ। ਉਸ ਨੇ ਕਿਹਾ ਕਿ ਜੇਦਿੱਲੀ ਪੁਲੀਸ ਪੰਜਾਬ ਵਿੱਚ ਕਿਸੇ ਨੌਜਵਾਨ ਦੀ ਗ੍ਰਿਫਤਾਰੀ ਲਈ ਆਵੇ ਤਾਂ ਲੋਕ ਇਕੱਠੇ ਹੋ ਕੇ ਉਸ ਦਾ ਘਿਰਾਓ ਕਰਨ ਅਤੇ ਜੇਦਿੱਲੀ ਪੁਲਿਸ ਕਿਸੇ ਨੌਜਵਾਨ ਜਾਂ ਕਿਸਾਨ ਨੂੰ ਗ੍ਰਿਫ਼ਤਾਰ ਕਰਕੇ ਲੈ ਜਾਂਦੀ ਹੈ ਤਾਂ ਇਸ ਦੀ ਜ਼ਿੰਮੇਵਾਰੀ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਹੋਵੇਗੀ।

# ਦਿਸ਼ਾ ਰਵੀ ਲਈ ਅਦਾਲਤ ਵੱਲੋਂ ਜ਼ਮਾਨਤ ਮਨਜ਼ੂਰ, ਜੇਲ੍ਹ ਤੋਂ ਰਿਹਾਈ ਮਿਲੀ

* ਸ਼ਾਂਤਨੂੰ ਵੱਲੋਂ ਜ਼ਮਾਨਤ ਲਈ ਅਦਾਲਤ ਵਿੱਚ ਅਰਜ਼ੀ



ਨਵੀਂ ਦਿੱਲੀ, 23 ਫਰਵਰੀ, (ਪੋਸਟ ਬਿਊਰੋ)- ਟੂਲਕਿੱਟਕੇਸ ਵਿੱਚ ਅੱਜ ਮੰਗਲਵਾਰ ਨੂੰ ਪੁੱਛ-ਗਿੱਛ ਲਈ ਦਿਸ਼ਾ ਰਵੀ ਨੂੰ ਸਾਈਬਰ ਸੈੱਲ ਦੇ ਦਫ਼ਤਰ ਲਿਆਂਦਾ ਗਿਆ, ਪਰ ਉਸ ਦਾ ਰਿਮਾਂਡ ਖ਼ਤਮ ਹੋਣ ਪਿੱਛੋਂ ਪਟਿਆਲਾ ਹਾਊਸ ਕੋਰਟ ਵਿੱਚਪੇਸ਼ ਕੀਤਾ ਗਿਆ, ਜਿੱਥੇ ਸੈਸ਼ਨ ਕੋਰਟ ਵਿੱਚ ਐਡੀਸ਼ਨਲ ਸੈਸ਼ਨ ਜੱਜ ਧਰਮਿੰਦਰ ਰਾਣਾ ਨੇ ਉਸ ਦੀ ਜ਼ਮਾਨਤ ਮਨਜ਼ੂਰ ਕਰ ਲਈ। ਇਸ ਦੇ ਬਾਅਦ ਉਸ ਨੂੰ ਜੇਲ੍ਹ ਤੋਂ ਰਿਹਾਅ ਕਰ ਦਿੱਤਾ ਗਿਆ ਹੈ।

ਵਰਨਣ ਯੋਗ ਹੈ ਕਿ ਬਹੁ-ਚਰਚਿਤ ਟੂਲਕਿੱਟਕੇਸ ਵਿੱਚਅੱਜ ਦਿਸ਼ਾ ਰਵੀ ਨੂੰ ਸਾਈਬਰ ਸੈੱਲ ਦੇ ਦਫ਼ਤਰ ਵਿੱਚ ਪੁੱਛ-ਗਿੱਛ ਲਈ ਲਿਆਂਦਾ ਗਿਆ ਸੀ। ਇਸ ਪੁੱਛਗਿੱਛ ਵਿੱਚਸ਼ਾਂਤਨੂ ਮੁਲਕ ਨੂੰ ਵੀ ਸ਼ਾਮਲ ਕੀਤਾ ਜਾਣਾ ਸੀ। ਇਸ ਤੋਂ ਪਹਿਲਾਂ ਸੋਮਵਾਰ ਨੂੰ ਵੀ ਸਾਈਬਰ ਸੈੱਲ ਨੇ ਨਿਕਿਤਾ ਜੈਕਬ ਅਤੇ ਸ਼ਾਂਤਨੂ ਮੁਲਕ ਤੋਂ ਚਾਰ ਘੰਟੇ ਤਕ ਲਗਾਤਾਰ ਪੁੱਛਗਿੱਛ ਕੀਤੀ ਸੀ। ਇਨ੍ਹਾਂ ਦੋਵਾਂ ਨੂੰ ਨੋਟਿਸ ਦੇ ਕੇ ਸੋਮਵਾਰ ਸਵੇਰੇ 11 ਵਜੇ ਸੱਦਿਆ ਗਿਆ ਸੀ ਤੇ ਦੋਵੇਂ ਤੈਅ ਸਮੇਂ ਤੋਂ ਪਹਿਲਾਂ ਸਾਈਬਰ ਸੈੱਲ ਦੇ ਦਵਾਰਕਾ ਆਫਿਸ ਜਾ ਪਹੁੰਚੇ ਸਨ। ਸਾਈਬਰ ਸੈੱਲ ਦੇ ਡੀਸੀਪੀ ਅਨੇਸ਼ ਰਾਏਤੇਹੋਰ ਅਫਸਰਾਂ ਨੇ ਉਨ੍ਹਾਂ ਤੋਂ ਪੁੱਛਗਿੱਛ ਕੀਤੀ ਸੀ ਅਤੇ ਅੱਜ ਮੰਗਲਵਾਰ ਵੀ ਇਨ੍ਹਾਂ ਤੋਂ ਪੁੱਛਗਿੱਛ ਕੀਤੀ ਗਈ।

ਟੂਲਕਿੱਟ ਅਜਿਹਾ ਇੰਟਰਨੈੱਟ ਦਸਤਾਵੇਜ਼ ਹੁੰਦਾ ਹੈ, ਜਿਸ ਵਿੱਚ ਕਿਸੇ ਮੁੱਦੇ ਦੀ ਜਾਣਕਾਰੀ ਦੇਣ ਅਤੇ ਉਸ ਨਾਲ ਜੁੜੇ ਕਦਮ ਚੁੱਕਣ ਲਈ ਸੁਝਾਅ ਦਿੱਤੇ ਹੁੰਦੇ ਹਨ। ਆਮਤੌਰ ਉੱਤੇ ਕਿਸੇ ਵੱਡੀ ਮੁਹਿੰਮ ਜਾਂ ਅੰਦੋਲਨ ਦੌਰਾਨ ਉਸ ਵਿੱਚਸ਼ਾਮਲ ਹੋਣ ਵਾਲੇ ਵਾਲੀਟੀਅਰਾਂ ਨੂੰ ਇਸ ਵਿੱਚ ਦਿਸ਼ਾ-ਨਿਰਦੇਸ਼ ਦਿੱਤੇ ਜਾਂਦੇ ਹਨ। ਟੂਲਕਿੱਟ ਦੀ ਪਹਿਲੀ ਵਾਰ ਵਰਤੋਂ ਅਮਰੀਕਾ ਵਿੱਚਇੱਕ ਗੈਰ-ਗੋਰੇ ਦੀ ਪੁਲਸ ਹੱਥੋਂ ਮੌਤ ਤੋਂ ਬਾਅਦ ਅੰਦੋਲਨ ਨੂੰ ਦਿਸ਼ਾ ਦੇਣ ਲਈ ਕੀਤੀ ਗਈ ਸੀ। ਉਸ ਤੋਂ ਬਾਅਦ ਇਹ ਭਾਰਤ ਦੇ ਕਿਸਾਨਾਂ ਦੇ ਅੰਦੋਲਨ ਵਿੱਚਚਰਚਾ ਵਿੱਚ ਆਇਆ ਹੈ।

ਇਸ ਦੌਰਾਨ ਟੂਲਕਿੱਟ ਕੇਸ ਦੇ ਤੀਸਰੇ ਸ਼ੱਕੀ ਦੋਸ਼ੀ ਸ਼ਾਂਤਨੂ ਮੁਲਕ ਨੇ ਅੱਜ ਅਦਾਲਤ ਵਿਚ ਅਰਜ਼ੀ ਪੇਸ਼ ਕਰ ਕੇ ਅਗਾਊਂ ਜ਼ਮਾਨਤ ਦੀ ਮੰਗ ਕੀਤੀ ਹੈ, ਕਿਉਂਕਿ ਉਸ ਨੂੰ ਆਪਣੀ ਗ੍ਰਿਫਤਾਰੀ ਦਾ ਸ਼ੱਕ ਹੈ।

# ਟਿਕੈਤ ਦਾ ਨਵਾਂ ਲਲਕਾਰਾ: ਅਗਲੀ ਵਾਰ ਕਿਸਾਨ ਇੰਡੀਆ ਗੇਟ ਦੇ ਨੇੜੇ ਪਾਰਕਾਂ ਨੂੰ ਵਾਹ ਕੇ ਫਸਲ ਬੀਜਣਗੇ



ਜੈਪੁਰ, 23 ਫਰਵਰੀ, (ਪੋਸਟ ਬਿਊਰੋ)- ਕਿਸਾਨ ਨੇਤਾ ਰਾਕੇਸ਼ ਟਿਕੈਤ ਨੇ ਅੱਜ ਏਥੇ ਕਿਹਾ ਕਿ ਕੇਂਦਰ ਸਰਕਾਰ ਨੇ ਖੇਤੀ ਕਾਨੂੰਨਾਂ ਵਾਪਸ ਨਾ ਲਏ ਤਾਂ ਇਸ ਵਾਰ ਪਾਰਲੀਮੈਂਟ ਘੇਰਨ ਦਾ ਸੱਦਾ ਦਿੱਤਾ ਜਾਵੇਗਾ ਅਤੇ ਉਥੇ 4 ਲੱਖ ਨਹੀਂ, 40 ਲੱਖ ਟ੍ਰੈਕਟਰ ਆਉਣਗੇ। ਉਨ੍ਹਾਂ ਨੇ ਕਿਸਾਨਾਂ ਨੂੰ ਕਿਹਾ ਕਿ ਕਦੇ ਵੀ ਦਿੱਲੀ ਜਾਣ ਦਾ ਸੱਦਾ ਦਿੱਤਾ ਜਾ ਸਕਦਾ ਹੈ।

ਅੱਜ ਮੰਗਲਵਾਰ ਨੂੰ ਰਾਜਸਥਾਨ ਦੇ ਸੀਕਰ ਵਿੱਚ ਸੰਯੁਕਤ ਕਿਸਾਨ ਮੋਰਚਾ ਦੀ ਮਹਾਪੰਚਾਇਤ ਨੂੰ ਸੰਬੋਧਨ ਕਰਦੇ ਵਕਤ ਰਾਕੇਸ਼ਟਿਕੈਤ ਨੇ ਕਿਹਾ ਕਿ ਕਿਸਾਨ ਇਸ ਵਾਰ ਦਿੱਲੀ ਗਿਆ ਤਾਂ ਇੰਡੀਆ ਗੇਟ ਦੇ ਨੇੜਕੇ ਪਾਰਕਾਂ ਨੂੰ ਵਾਹੇਗਾ ਤੇ ਉਥੇ ਫਸਲਾਂ ਬੀਜੇਗਾ। ਉਨ੍ਹਾਂ ਕਿਹਾ ਕਿ ਪਾਰਲੀਮੈਂਟ ਨੂੰ ਘੇਰਨ ਦੀ ਤਰੀਕ ਸੰਯੁਕਤ ਕਿਸਾਨ ਮੋਰਚਾ ਤੈਅ ਕਰੇਗਾ। ਇਸ ਮੌਕੇ ਟਿਕੈਤ ਨੇ ਕਿਹਾ ਕਿ 26 ਜਨਵਰੀ ਦੀ ਘਟਨਾ ਦੇ ਮਾਮਲੇ ਵਿੱਚਭਾਰਤ ਦੇ ਕਿਸਾਨਾਂ ਨੂੰ ਬਦਨਾਮ ਕਰਨ ਦੀ ਸਾਜ਼ਿਸ਼ ਕੀਤੀ ਗਈ ਸੀ। ਉਨ੍ਹਾ ਕਿਹਾ ਕਿ ਭਾਰਤ ਦੇ ਕਿਸਾਨਾਂ ਨੂੰ ਤਿਰੰਗੇ ਨਾਲ ਪਿਆਰ ਹੈ, ਪਰ ਇਸ ਦੇਸ਼ ਦੇ ਨੇਤਾਵਾਂ ਨੂੰ ਨਹੀਂ। ਟਿਕੈਤ ਨੇ ਕਿਹਾ ਕਿ ਸਰਕਾਰ ਨੂੰ ਕਿਸਾਨਾਂ ਵੱਲੋਂ ਖੁੱਲ੍ਹੀ ਚੁਣੌਤੀ ਹੈ ਕਿ ਜੇ ਉਸ ਨੇ ਤਿੰਨੇ ਖੇਤੀ ਕਾਨੂੰਨ ਵਾਪਸ ਨਾ ਲਏ ਤੇ ਫਸਲਾਂ ਲਈ ਘੱਟੋ-ਘੱਟ ਖਰੀਦ ਮੁੱਲ (ਐੱਮ ਐੱਸ ਪੀ) ਲਾਗੂ ਨਾ ਕੀਤੀ ਤਾਂ ਵੱਡੀਆਂ-ਵੱਡੀਆਂ ਕੰਪਨੀਆਂ ਦੇ ਗੋਦਾਮਾਂ ਨੂੰ ਢਾਹੁਣ ਦਾ ਕੰਮ ਵੀ ਇਸ ਦੇਸ਼ ਦਾ ਕਿਸਾਨ ਕਰੇਗਾ ਅਤੇ ਇਸ ਦੀਤਰੀਕ ਵੀ ਸੰਯੁਕਤ ਮੋਰਚਾ ਦੱਸੇਗਾ।










# ਪਾਮੇਲਾ ਗੋਸਵਾਮੀ ਡਰੱਗ ਕੇਸ: ਭਾਜਪਾ ਨੇਤਾ ਰਾਕੇਸ਼ ਸਿੰਘ ਗ੍ਰਿਫਤਾਰ, ਦੋ ਪੁੱਤਰ ਵੀ ਬੰਗਾਲ ਪੁਲਸ ਦੀ ਹਿਰਾਸਤ ਵਿੱਚ

ਕੋਲਕਾਤਾ, 23 ਫਰਵਰੀ, (ਪੋਸਟ ਬਿਊਰੋ)- ਪੱਛਮੀ ਬੰਗਾਲ ਪੁਲਸ ਨੇ ਭਾਜਪਾਨੇਤਾ ਰਾਕੇਸ਼ ਸਿੰਘ ਨੂੰ ਨਸ਼ੀਲਾ ਪਦਾਰਥ ਫੜੇ ਜਾਣ ਦੇਕੇਸਵਿੱਚਕੋਲਕਾਤਾ ਤੋਂ ਕਰੀਬ 130 ਕਿਲੋਮੀਟਰ ਦੂਰ ਪੂਰਬੀ ਬਰਦਮਾਨ ਜ਼ਿਲੇ ਦੇ ਗਲਸੀ ਤੋਂ ਗ੍ਰਿਫਤਾਰ ਕਰ ਲਿਆ ਅਤੇ ਬਾਅਦ ਵਿੱਚ ਉਸ ਦੇ ਦੋਵੇਂ ਪੁੱਤਰ ਵੀ ਹਿਰਾਸਤ ਵਿੱਚ ਲੈ ਲਏ ਹਨ।

ਇਸ ਸੰਬੰਧ ਵਿਚ ਪੱਛਮੀ ਬੰਗਾਲ ਪੁਲਸ ਦੇ ਇੱਕ ਸੀਨੀਅਰ ਅਧਿਕਾਰੀ ਨੇ ਦੱਸਿਆ ਕਿ ਪੁਲਸ ਨੂੰ ਇਸ ਸ਼ਹਿਰ ਦੇ ਬੰਦਰਗਾਹ ਖੇਤਰ ਵਿੱਚ ਭਾਜਪਾ ਦੀ ਸਟੇਟ ਕਮੇਟੀ ਦੇ ਮੈਂਬਰ ਰਾਕੇਸ਼ ਸਿੰਘ ਦੇ ਘਰ ਵੜਨ ਤੋਂ ਰੋਕਣ ਦੇ ਦੋਸ਼ ਵਿੱਚ ਕੋਲਕਾਤਾ ਪੁਲਸ ਦੀ ਨਾਰਕੋਟਿਕਸ ਸਬਸਟੈਂਸ ਯੂਨਿਟ ਨੇ ਰਾਕੇਸ਼ ਦੇ ਦੋ ਬੇਟਿਆਂ ਨੂੰ ਵੀ ਗ੍ਰਿਫਤਾਰ ਕੀਤਾ ਹੈ। ਇਸ ਤੋਂ ਪਹਿਲਾਂ 19 ਫਰਵਰੀ ਨੂੰ ਭਾਰਤੀ ਜਨਤਾ ਜਵਾਨ ਮੋਰਚਾ ਦੀ ਸੂਬਾ ਸੈਕਟਰੀ ਪਾਮੇਲਾ ਗੋਸਵਾਮੀ ਨੂੰ ਉਨ੍ਹਾਂ ਦੇ ਇੱਕ ਦੋਸਤ ਅਤੇ ਨਿੱਜੀ ਸੁਰੱਖਿਆ ਗਾਰਡ ਦੇ ਨਾਲ ਦੱਖਣੀ ਕੋਲਕਾਤਾ ਦੇ ਨਿਊ ਅਲੀਪੁਰ ਇਲਾਕੇ ਤੋਂ ਗ੍ਰਿਫਤਾਰ ਕੀਤਾ ਗਿਆ ਸੀ ਤੇ ਉਨ੍ਹਾਂ ਦੀ ਕਾਰ ਤੋਂ ਕਰੀਬ 90 ਗ੍ਰਾਮ ਕੋਕੀਨ ਮਿਲੀ ਸੀ। ਪਾਮੇਲਾ ਗੋਸਵਾਮੀ ਨੇ ਓਦੋਂ ਦੋਸ਼ ਲਾਇਆ ਸੀ ਕਿ ਇਸ ਪਿੱਛੇ ਰਾਕੇਸ਼ ਸਿੰਘ ਦੀ ਸਾਜਿਸ਼ ਹੈ। ਕੋਲਕਾਤਾ ਪੁਲਸ ਨੇ ਰਾਕੇਸ਼ ਸਿੰਘ ਨੂੰ ਨੋਟਿਸ ਦੇ ਕੇ ਇਸਬਾਰੇ ਨਾਰਕੋਟਿਕਸ ਵਿਭਾਗ ਦੇ ਸਾਹਮਣੇ ਪੇਸ਼ ਹੋਣ ਨੂੰ ਕਿਹਾ ਸੀ। ਜਵਾਬ ਵਿੱਚ ਰਾਕੇਸ਼ ਸਿੰਘ ਨੇ ਕਿਹਾ ਸੀ ਕਿ ਉਹ ਕਿਸੇ ਕੰਮ ਲਈਦਿੱਲੀਚੱਲੇ ਹਨ ਅਤੇ ਵਾਪਸ ਆਉਣ ਤੋਂ ਬਾਅਦ ਹੀ ਪੁਲਸ ਦੇ ਸਾਹਮਣੇ ਪੇਸ਼ ਹੋ ਸਕਣਗੇ।

ਕੋਲਕਾਤਾ ਪੁਲਸ ਦੇ ਇੱਕਸੀਨੀਅਰ ਅਧਿਕਾਰੀ ਨੇ ਦੱਸਿਆ, 'ਏਦਾਂ ਲੱਗਦਾ ਸੀ ਕਿ ਉਹ ਭੱਜਣ ਦੀ ਕੋਸ਼ਿਸ਼ ਕਰ ਰਿਹਾ ਸੀ। ਉਸ ਨੂੰ ਸ਼ਾਇਦ ਇਹ ਪਤਾ ਲੱਗ ਗਿਆ ਕਿ ਪੁਲਸ ਉਨ੍ਹਾਂ ਨੂੰ ਲੱਭ ਰਹੀ ਹੈ, ਇਸ ਲਈ ਗ੍ਰਿਫਤਾਰੀ ਤੋਂ ਬਚਣ ਲਈ ਉਸ ਨੇ ਆਪਣੀ ਗੱਡੀ ਬਦਲ ਲਈ ਸੀ। ਰਾਕੇਸ਼ ਸਿੰਘ ਨੂੰ ਪੁਲਸ ਨੇ ਗਾਲਸੀ ਵਿੱਚਨੈਸ਼ਨਲ ਹਾਈਵੇ ਉਤਲੇ ਇੱਕ ਨਾਕਾ-ਪੁਆਇੰਟ ਤੋਂ ਗ੍ਰਿਫਤਾਰ ਕੀਤਾ ਹੈ।' ਅਧਿਕਾਰੀ ਨੇ ਦੱਸਿਆ ਕਿ ਰਾਕੇਸ਼ ਸਿੰਘ ਕਾਰ ਵਿੱਚ ਸੀ, ਜਿਸ ਵਿੱਚ ਉਹ ਸੀ ਆਈ ਐੱਸ ਐੱਫ ਦੇ ਸੁਰੱਖਿਆ ਗਾਰਡਾਂ ਨਾਲ ਅਣਜਾਣੀ ਜਗ੍ਹਾ ਜਾ ਰਿਹਾ ਸੀ। ਇਹ ਕਰਮਚਾਰੀ ਉਸ ਨੂੰ ਸੁਰੱਖਿਆ ਲਈ ਦਿੱਤੇ ਗਏ ਸਨ। ਅੱਜ ਗ੍ਰਿਫਤਾਰੀ ਵੇਲੇ ਵੀ ਇਹ ਸੁਰੱਖਿਆ ਗਾਰਡ ਉਸ ਦੇ ਨਾਲ ਸਨ।

ਖਿੜਕੀਆਂ ਅਤੇ ਦਰਵਾਜੇ ਲਗਵਾਓ Free Estimates

ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼, ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼, ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ, ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
CANADIAN GLASS AND WINDOW
SINGH (TOCHI)
416-454-3031
647-784-8240
Email: tochisangha1@hotmail.com

# ਵਾਈਟ ਹਾਊਸ ਵਿਚ ਕੋਰੋਨਾ ਕਾਰਨ ਮਾਰੇ ਗਏ 5 ਲੱਖ ਤੋਂ ਵਧ ਅਮਰੀਕੀਆਂ ਨੂੰ ਮੋਨ ਧਾਰ ਕੇ ਕੀਤਾ ਯਾਦ

*** ਪਹਿਲੇ, ਦੂਜੀ ਤੇ ਵੀਅਤਨਾਮ ਜੰਗ ਨਾਲੋਂ ਵਧ ਲੋਕ ਕੋਰੋਨਾ ਨਾਲ ਮਰੇ-ਜੋਅ ਬਾਇਡੇਨ**

ਸੈਕਰਾਮੈਂਟੋ, ਕੈਲੀਫੋਰਨੀਆ 23 ਫਰਵਰੀ (ਹੁਸਨ ਲੜੋਆ ਬੰਗਾ)- ਅਮਰੀਕਾ ਵਿਚ ਕੋਵਿਡ-19 ਕਾਰਨ ਮੌਤਾਂ ਦੀ ਗਿਣਤੀ 5 ਲੱਖ ਤੋਂ ਟੱਪ ਜਾਣ ਮੌਕੇ ਵਾਈਟ ਹਾਊਸ ਵਿਖੇ ਮ੍ਰਿਤਕਾਂ ਦੀ ਯਾਦ ਵਿਚ 500 ਮੋਮਬੱਤੀਆਂ ਜਗਾਈਆਂ ਗਈਆਂ ਤੇ ਮੌਨ ਧਾਰ ਕੇ ਵਿਛੜ ਗਏ ਅਮਰੀਕੀਆਂ ਨੂੰ ਯਾਦ ਕੀਤਾ ਗਿਆ। ਰਾਸ਼ਟਰਪਤੀ ਜੋਅ ਬਾਇਡੇਨ, ਫਸਟ ਲੇਡੀ ਜਿਲ ਬਾਇਡੇਨ, ਉਪ ਰਾਸ਼ਟਰਪਤੀ ਕਮਲਾ ਹੈਰਿਸ ਤੇ ਹੋਰ ਅਧਿਕਾਰੀ ਇਸ ਮੌਕੇ ਮੌਜੂਦ ਸਨ। ਮ੍ਰਿਤਕਾਂ ਨੂੰ ਸ਼ਰਧਾਂਜਲੀ ਦੇਣ ਤੋਂ ਪਹਿਲਾਂ ਵਾਈਟ ਹਾਊਸ ਦੇ ਕਰਾਸ ਹਾਲ ਵਿਚ ਰਾਸ਼ਟਰਪਤੀ ਨੇ ਕਿਹਾ ਕਿ ਅੱਜ ਅਸੀਂ ਮੌਤਾਂ ਦਾ ਦਿੱਲ ਨੂੰ ਤੋੜ ਦੇਣ ਵਾਲਾ ਅੰਕੜਾ 500,071 ਛੂਹ ਲਿਆ ਹੈ। ਉਨਾਂ ਕਿਹਾ ' ਮਹਾਂਮਾਰੀ ਦੇ ਇਕ ਸਾਲ ਦੇ ਸਮੇ ਵਿਚ ਏਨੇ ਅਮਰੀਕੀਆਂ ਦੀਆਂ ਜਾਨਾਂ ਗਈਆਂ ਹਨ ਜਿੰਨੀਆਂ ਜਾਨਾਂ ਪਹਿਲੀ ਵਿਸ਼ਵ ਜੰਗ, ਦੂਸਰੀ ਵਿਸ਼ਵ ਜੰਗ ਤੇ ਵਿਅਤਨਾਮ ਦੀ ਜੰਗ ਵਿਚ ਵੀ ਨਹੀਂ ਹੋਈਆਂ ਸਨ। ਇਹ ਮੌਤਾਂ ਧਰਤੀ ਉਪਰ ਹੋਰ ਕਿਸੇ ਵੀ ਦੇਸ਼ ਨਾਲੋਂ ਵਧ ਹਨ।" ਉਨਾਂ ਕਿਹਾ ਕਿ ਮਾਰੇ ਗਏ ਸੱਕੇ ਸਬੰਧੀਆਂ ਦਾ ਦੁੱਖ ਬਹੁਤ ਗਹਿਰਾ ਹੁੰਦਾ ਹੈ। ਮੈਨੂੰ ਇਕ ਔਰਤ ਦਾ ਪੱਤਰ ਮਿਲਿਆ ਹੈ ਜਿਸ ਦਾ ਪਿਤਾ ਪਿਛਲੇ ਈਸਟਰ 'ਤੇ ਕੋਵਿਡ-19 ਕਾਰਨ ਮਾ-ਰਆ ਗਿਆ ਸੀ। ਉਸ ਨੇ ਲਿਖਿਆ ਹੈ ਕਿ ਕੋਰੋਨਾ ਮਹਾਂਮਾਰੀ ਕਾਰਨ ਉਹ ਤੇ ਉਸ ਦਾ ਪਰਿਵਾਰ ਵਿਛੜ ਗਏ ਆਪਣੇ ਪਿਆਰੇ ਪਰਿਵਾਰਕ ਮੈਂਬਰ ਨੂੰ ਚੰਗੀ ਤਰਾਂ ਅੰਤਿਮ ਵਿਦਾਇਗੀ ਵੀ ਨਹੀਂ ਦੇ ਸਕੇ। ਇਹ ਇਕ ਉਦਾਹਰਣ ਹੈ ਬਹੁਤ ਸਾਰੇ ਹੋਰ ਲੋਕਾਂ ਨੂੰ ਵੀ ਅਜਿਹੀ ਸਥਿੱਤੀ ਦਾ ਸਾਹਮਣਾ ਕਰਨਾ ਪਿਆ ਹੈ, ਜੋ ਬਹੁਤ ਦੁੱਖਦਾਈ ਹੈ। ਇਸ ਮੌਕੇ ਵਾਈਟ ਹਾਊਸ ਵਿਚ ਰਾਸ਼ਟਰੀ ਝੰਡਾ ਅੱਧਾ ਝੁਕਾ ਦਿੱਤਾ ਗਿਆ।

ਸਭ ਤੋਂ ਵਧ ਮੌਤਾਂ ਕੈਲੀਫੋਰਨੀਆ ਵਿਚ ਹੋਈਆਂ-ਅਮਰੀਕਾ ਵਿਚ ਕੋਰੋਨਾ ਮਹਾਂਮਾਰੀ ਕਾਰਨ ਮੌਤਾਂ ਦੀ ਗਿਣਤੀ 5,12,590 ਹੋ ਗਈ ਹੈ। ਸਭ ਤੋਂ ਵਧ ਮੌਤਾਂ ਪੰਜਾਬੀਆਂ ਦੇ ਗੜ ਵਾਲੇ ਰਾਜ ਕੈਲੀਫੋਰਨੀਆ ਵਿਚ 49,561 ਹੋਈਆਂ ਹਨ। ਦੂਸਰਾ ਸਥਾਨ ਨਿਊਯਾਰਕ ਦਾ ਹੈ ਜਿਥੇ 47134 ਮੌਤਾਂ ਹੋਈਆਂ ਹਨ। ਤੀਸਰੇ ਸਥਾਨ 'ਤੇ ਟੈਕਸਾਸ ਹੈ ਜਿਥੇ ਹੁਣ ਤੱਕ 42562 ਅਮਰੀਕੀ ਮਾਰੇ ਜਾ ਚੁੱਕੇ ਹਨ।

# ਡਰੱਗ ਦੀ ਦੁਨੀਆਂ ਦੇ ਬਾਦਸ਼ਾਹ ਗੁਜ਼ਮੈਨ ਦੀ ਪਤਨੀ ਨਸ਼ਾ ਤਸਕਰੀ ਦੇ ਮਾਮਲੇ ਵਿਚ ਗ੍ਰਿਫਤਾਰ


ਈਮਾ ਕੋਰੋਨਲ ਏਸਪੁਰੋ ਦੀ ਇਕ ਫਾਈਲ ਤਸਵੀਰ

ਸੈਕਰਾਮੈਂਟੋ, ਕੈਲੀਫੋਰਨੀਆ 23 ਫਰਵਰੀ (ਹੁਸਨ ਲੜੋਆ ਬੰਗਾ)-ਉਮਰ ਭਰ ਲਈ ਜੇਲ ਵਿਚ ਬੰਦ ਡਰੱਗ ਦੀ ਦੁਨੀਆ ਦੇ ਬਾਦਸ਼ਾਹ ਐਲ ਚਾਪੋ ਗੁਜ਼ਮੈਨ ਦੀ ਪਤਨੀ ਨੂੰ ਵਾਸ਼ਿੰਗਟਨ ਡੀ ਸੀ ਏਅਰਪੋਰਟ 'ਤੇ ਹੈਰੋਇਨ, ਕੋਕੀਨ ਤੇ ਚਰਸ ਆਦਿ ਨਸ਼ਿਆਂ ਦੀ ਤਸਕਰੀ ਕਰਨ ਦੇ ਦੋਸ਼ ਹੇਠ ਗ੍ਰਿਫਤਾਰ ਕਰ ਲਿਆ ਗਿਆ। 31 ਸਾਲਾਂ ਦੀ ਈਮਾ ਕੋਰੋਨਲ ਏਸਪੁਰੋ ਅਮਰੀਕਾ ਤੇ ਮੈਕਸੀਕੋ ਦੀ ਦੋਹਰੀ ਨਾਗਰਿਕਤਾ ਰਖਦੀ ਹੈ। ਉਸ ਦਾ ਪਤੀ ਗੁਜ਼ਮੈਨ ਮੈਕਸੀਕੋ ਦੇ ਸਿਨਾਲੋਆ ਨਸ਼ਾ ਗਿਰੋਹ ਦਾ ਸਰਗਨਾ ਹੈ ਜੋ ਨਸ਼ਾ ਤਸਕਰੀ ਦੇ ਮਾਮਲੇ ਵਿਚ ਉਮਰ ਕੈਦ ਕੱਟ ਰਿਹਾ ਹੈ। ਉਸ ਨੂੰ ਮੰਗਲਵਾਰ ਨੂੰ ਅਦਾਲਤ ਵਿੱਚ ਪੇਸ਼ ਕੀਤਾ ਜਾਵੇਗਾ।

# ਸੱਤ ਵਾਰ ਪਾਰਲੀਮੈਂਟ ਮੈਂਬਰ ਰਹੇ ਮੋਹਨ ਦੇਲਕਰ ਵੱਲੋਂ ਖ਼ੁਦਕੁਸ਼ੀ

*** ਸੁਸਾਈਡ ਨੋਟ ਉੱਤੇ 40 ਲੋਕਾਂ ਦੇ ਨਾਂਅ ਲਿਖੇ**

ਮੁੰਬਈ, 23 ਫਰਵਰੀ (ਪੋਸਟ ਬਿਊਰੋ)- ਕੇਂਦਰੀ ਸ਼ਾਸਤ ਪ੍ਰਦੇਸ਼ ਦਾਦਰ ਨਗਰ ਹਵੇਲੀ ਤੋਂ ਸੱਤ ਵਾਰ ਲੋਕ ਸਭਾ ਮੈਂਬਰ ਚੁਣੇ ਗਏ ਮੋਹਨ ਦੇਲਕਰ (58) ਕੱਲ੍ਹ ਦੱਖਣੀ ਮੁੰਬਈ ਦੇ ਮਰੀਨ ਡਰਾਈਵ ਇਲਾਕੇ ਦੇ ਇੱਕ ਹੋਟਲ 'ਚ ਭੇਦਭਰੀ ਹਾਲਤ 'ਚ ਮ੍ਰਿਤਕ ਪਾਏ ਗਏ। ਉਨ੍ਹਾਂ ਦੀ ਲਾਸ਼ ਕੋਲੋਂ ਗੁਜਰਾਤੀ ਭਾਸ਼ਾ ਵਿੱਚ ਲਿਖਿਆ ਛੇ ਪੰਨਿਆਂ ਦਾ ਇੱਕ ਸੁਸਾਈਡ ਨੋਟਿਸ ਬਰਾਮਦ ਹੋਇਆ ਹੈ, ਜਿਸ ਉੱਤੇ 40 ਲੋਕਾਂ ਦੇ ਨਾਂਅ ਲਿਖੇ ਹੋਏ ਹਨ।

ਇੱਕ ਪੁਲਸ ਅਧਿਕਾਰੀ ਨੇ ਕਿਹਾ ਕਿ ਪਾਰਲੀਮੈਂਟ ਮੈਂਬਰ ਦੀ ਮੌਤ ਦੇ ਕਾਰਨਾਂ ਦਾ ਪਤਾ ਪੋਸਟ ਮਾਰਟਮ ਤੋਂ ਲੱਗ ਸਕੇਗਾ ਅਤੇ ਪੁਲਸ ਨੇ ਮਾਮਲਾ ਦਰਜ ਕਰਕੇ ਖ਼ੁਦਕੁਸ਼ੀ ਦੇ ਕਾਰਨਾਂ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ। ਫੋਰੈਂਸਿਕ ਟੀਮ ਵੱਲੋਂ ਉਸ ਕਮਰੇ ਦੀ ਚਾਰ ਘੰਟੇ ਤਲਾਸ਼ੀ ਲਈ ਗਈ, ਜਿੱਥੋਂ ਦੇਲਕਰ ਦੀ ਲਾਸ਼ ਮਿਲੀ ਹੈ। ਉਹ ਮੁੰਬਈ ਵਿੱਚ ਪਾਰਲੀਮੈਂਟਮੈਂਬਰਾਂ ਦੇ ਇੱਕ ਵਫਦ ਨੂੰ ਲੈਣ ਆਏ ਸਨ। ਇਸ ਤੋਂ ਪਹਿਲਾਂ ਉਹ 1989 ਤੋਂ 2009 ਤੱਕ ਲਗਾਤਾਰ ਛੇ ਵਾਰ ਦਾਦਰ ਤੇ ਨਗਰ ਹਵੇਲੀ ਤੋਂ ਲੋਕ ਸਭਾ ਪਾਰਲੀਮੈਂਟ ਮੈਂਬਰ ਚੁਣੇ ਗਏ ਸਨ। ਉਨ੍ਹਾਂ ਤਿੰਨ ਵਾਰ ਕਾਂਗਰਸ ਤੇ ਇੱਕ ਵਾਰ ਭਾਜਪਾ ਪਾਰਲੀਮੈਂਟ ਮੈਂਬਰ ਵਜੋਂ ਚੋਣ ਜਿੱਤੀ ਸੀ। ਉਹ ਆਪਣੇ ਪਿੱਛੇ ਪਤਨੀ, ਇੱਕ ਬੇਟਾ ਤੇ ਬੇਟੀ ਛੱਡ ਗਏ ਹਨ।

Steinmetz & Associates
PERSONAL INJURY LAWYERS

Harry Steinmetz
Certified as Specialist by the Law Society of Ontario in Civil Litigation
(with over 27yrs. of experience)

BOBBY SIDHU
partner
(Serving the Community for Over 16 yrs.)
ਕੀ ਐਕਸੀਡੈਂਟ ਵਿੱਚ ਤੁਹਾਡੇ ਸੱਟ ਲੱਗ ਗਈ ਹੈ?
ਮੁੱਫਤ ਸਲਾਹ ▪ ਫੀਸ ਸੈਟਲਮੈਂਟ ਹੋਣ ਤੋ ਬਾਅਦ
ਜੇਕਰ ਤੁਹਾਡਾ ਕਸੂਰ ਹੈ ਜਾਂ ਨਹੀਂ, ਚਾਹੇ ਤੁਸੀਂ ਕੰਮ ਕਰਦੇ ਹੋ ਜਾਂ ਨਹੀਂ, ਚਾਹੇ ਤੁਸੀਂ Housewife ਹੋ, Student ਹੋ, Pedestrian ਹੋ, Cycliust ਹੋ, ਐਕਸੀਡੈਂਟ ਵਿਚ ਸੱਟ ਲੱਗਣ ਦੀ ਸੂਰਤ ਵਿਚ ਤੁਸੀਂ ਕਈ ਬੈਨੀਫਿਟਸ ਦੇ ਹੱਕਦਾਰ ਹੋ ਸਕਦੇ ਹੋ। ਜੇਕਰ ਤੁਹਾਡੀ ਗਲਤੀ ਨਹੀਂ ਹੈ ਤਾਂ ਤੁਸੀਂ Pain & Suffering ਸਮੇਤ ਕਈ ਮਿਲੀਅਨ ਡਾਲਰ ਦੇ ਕਲੇਮ ਦੇ ਹੱਕਦਾਰ ਹੋ ਸਕਦੇ ਹੋ।
ਹੁਣ ਤੱਕ ਅਸੀਂ ਆਪਣੇ Clients ਨੂੰ ਕਈ ਮਿਲੀਅਨ ਤੱਕ ਦੇ ਕਲੇਮ ਦੁਆ ਚੁੱਕੇ ਹਾਂ।
ਜੇਕਰ ਤੁਸੀਂ ਆਪਣੀਆਂ ਮੌਜੂਦਾ ਕਾਨੂੰਨੀ ਸੇਵਾਵਾਂ ਤੋਂ ਸੰਤੁਸ਼ਟ ਨਹੀਂ ਹੋ ਤਾਂ ਅਸੀਂ ਤੁਹਾਡੀ ਸੇਵਾ ਲਈ ਹਾਜਰ ਹਾਂ।
If you are hurt in Auto Accident, Slip & Fall or you have long Term Disability Claims
Protect yourself, Protect your family, Know your rights.
For exceptional service, benefits you are entitled to and a settlement you deserve, call the name you trust
You only pay upon settlement
GURSHARAN BOBBY SIDHU
647.539.3020
1450 Meyerside Drive, Suite 308, Mississauga
2 OFFICES TO SERVE YOU
55 St. Clair Ave., West, Toronto
email: bsidhu@steinmetzlawyers.ca website: www.steinmetzlawyers.ca

ਆਓ ਸੱਤ ਸਮੁੰਦਰੋ ਪਾਰ ਵਾਲਿਆਂ ਦਾ ਵੀ ਸੋਚੀਏ

Super Visa
- How your spouse can join you within 4-6 months
- How your parents can join you
- How students & skilled people can come to Canada
- How international Students & Foreign workers can get their immigration
We do appeal for Refusal cases also
Sponsor Your Family
MacroGlobal Immigration Services Ltd.
Seema Bhayana
ICCRC

Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com


Grand Upholstery Ltd
Sofa Company Originality in Every Piece
Special on Sale
- ਪੁਰਾਣੇ ਸੋਫਿਆਂ ਦੀ ਮੁਰੰਮਤ ਵੀ ਕੀਤੀ ਜਾਂਦੀ ਹੈ
- ਟੌਪ ਕੁਆਲਿਟੀ ਦੀ ਫੋਮ ਅਤੇ ਸਪਰਿੰਗ ਵਰਤੇ ਜਾਂਦੇ ਹਨ।
- ਆਪਣੀ ਮਨਪਸੰਦ ਦਾ ਕੋਈ ਵੀ L Shape ਡਿਜ਼ਾਇਨ ਅਤੇ ਰੰਗ ਚੁਣ ਸਕਦੇ ਹੋ।
- ਕੱਪੜਾ ਚਾੜ ਕੇ ਪੁਰਾਣਾ ਸੋਫਾ, ਡਾਇਨਿੰਗ ਚੇਅਰ ਨੂੰ ਨਵਿਆਂ ਵਰਗਾ ਬਣਾਉਂਦੇ ਹਾਂ
ਆਰਡਰ ਦੇ ਕੇ ਨਵੇਂ ਸੋਫੇ ਦੂਜੇ ਸਟੋਰਾਂ ਨਾਲੋ ਘੱਟ ਕੀਮਤ ਉੱਤੇ ਵੀ ਲੈ ਸਕਦੇ ਹੋ

ਕੁਆਲਿਟੀ ਮੂਹੋਂ ਬੋਲਦੀ ਹੈ
Tel: 905.791.2888 Cell: 647.293.3212
2053 williams Pkway unit #45, Brampton, ON L6S 5T4 Email: grandupholsery@gmail.com

ਹਵਾਈ ਸਫਰ ਨੂੰ ਸੁਹਾਵਨਾ ਤੇ ਸੁਰੱਖਿਅਤ ਬਣਾਓ ਤੇ ਸਾਡੀ TRAVEL INSURANCE ਦੀ ਮੁਹਾਰਤ ਦਾ ਫਾਇਦਾ ਉਠਾਓ

Your Travel Safety Our Priority
JF Insurance Agency Group Inc.
Specialized in Hospital and Medical Insurance for Visitors, Canadian Travellers and International Students since 1992
Join and Represent Us
- VISITOR TO CANADA INSURANCE
- TRAVEL OUT INSURANCE
- INTERNATIONAL STUDENT INSURANCE
- OTHER INSURANCE PRODUCTS
905-707-1512
905-707-1513
Molly@jfgroup.ca
Toronto Head Office: 15 wertheim court # 501 Richmond Hill, ON L4B 3H7

UK TRUCK TRAINING CENTRE
PCC #179958
Registered as a Private Careers College
ਹੁਣ ਕੈਮਬ੍ਰਿਜ ਵਿੱਚ ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge

Automatic & Manual Trucks
1 on 1 Training
Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ
Forklift Training
Forklift $79 Recertification

Counterbalance
Reach Truck
ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।
We help in Written Test & in Finding Jobs
20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
7542 Bath Rd, Mississauga, ON L4T 1L2, Off:905.673.7979 | OPEN 7 DAYS uktruck1@gmail.com | Jitpal Singh Deol 647-204-1936

# ਆਪਣੇ ਆਪ ਨੂੰ ਘਰ ਵਿਚ ਅਲੱਗ ਨਹੀਂ ਕਰ ਸਕਦੇ?



ਮਦਦ ਉਪਲਬਧ ਹੈ।

ਸਾਡਾ ਪ੍ਰੋਗਰਾਮ ਹੋਟਲ ਦੇ ਮੁਫਤ ਨਿੱਜੀ ਕਮਰਿਆਂ ਦੀ ਪੇਸ਼ਕਸ਼ ਕਰਦਾ ਹੈ।

ਸਾਈਨ ਅਪ ਕਰਨ ਲਈ ਜਾਂ ਵਧੇਰੇ ਜਾਣਕਾਰੀ ਲਈ 905-281-1269 'ਤੇ ਕਾਲ

peelregion.ca/COVID-19

Region of Peel
working with you



ਪੰਜਾਬੀ ਪੋਸਟ

Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| Founder Editor | Jagdish Singh Grewal |
| Managing Director | Parminder Kaur Grewal |
| Contributing Editors | Gyan Singh, Angrez Singh |
| Office Admin | Priya Dhillon |
| Graphic Designer | Priya Dhillon |
| Photographer | Kanwaljit Singh Kanwal |
| Distributer | Aman Warraich |
| Marketing: | Sajandeep Singh |



Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.



## A-One Drivers
TRAINING SCHOOL

G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ

ਫਰੀ ਪਿਕਅਪ

Best Rates For Lessons

] ਮੁਫਤ ਪਿਕਅਪ ਅਤੇ ਡਰਾਪ ਆਫ਼
] ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਊਂਟ ਸਰਟੀਫਿਕੇਟ
] ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
] ਵਾਜਿਬ ਕੀਮਤ

ਲੇਡੀ ਇੰਸਟਰੱਕਟਰ

647-998-7500 ਬਲਵਿੰਦਰ



## ਨੈਨੀ ਦੀ ਲੋੜ

Queen and credit view area ਵਿਚ ਘਰ ਦਾ ਕੰਮਕਾਰ ਕਰਨ ਲਈ ਨੈਨੀ ਦੀ ਲੋੜ ਹੈ। 50 ਸਾਲ ਤੋਂ ਉਪਰ ਉਮਰ ਦੀ ਔਰਤ ਹੀ ਸੰਪਰਕ ਕਰੇ।

ਸੰਪਰਕ:
416-556-6884



## BEST CANADIAN TRUCK & FORKLIFT TRAINING CENTRE

Registered as a Private Career College Under the Private Career College Act. 2005

- AZ Tractor trailer program
- Manual transmission & backup training everyday
- We welcome welfare workers & compensation clients

Open Seven Days

Forklift Re-Certification Only $79.00/-

Karnail Singh

416.670.3173 | 905.799.7333
27 Edvac Dr, Brampton, ON L6S 5X8



## Visions of Punjab

VISION ZOOMERTV
Airs Across Canada
Every Saturday
1:00 pm to 1:30 pm EST
10:00 am to 10:30 am PST
*Mahal Entertainment Inc.*
Cell:416-587-5520
Email: iqbalmahal46@gmail.com

Natasha Mahal
Co-Host

Iqbal Mahal
Producer & Host

Serving the South Asian Community Since 1976



## PUNJABI RANG RADIO

CAIO 530AM
11pm-12am
Every Saturday

Chamkaur Singh
Producer/ Host
Cell: 416 662 1313
Email: punjabirang13@hotmail.com



# ਜ਼ਰੂਰ ਜਾਣੋ; ਗਿਆਨ ਗੰਗਾ

।। ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ।।

- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (Meditation) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?

ਗਿਆਨ ਗੰਗਾ

ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

**IPTV ਦੁਆਰਾ ਸਤਸੰਗ ਦੇਖੋ**

ਵਾਣੀ ਟੀਵੀ ਤੇ ਸਵੇਰੇ 11:00 - 12:00 ਵਜੇ ਤੱਕ
ਐਮ ਐਚ ਵਨ ਸ਼ਰਧਾ ਤੇ ਸਵੇਰੇ 3:30 - 4:30 ਵਜੇ ਤੱਕ
ਗਲੋਬਲ ਸਾਂਝ ਟੀ-ਵੀ ਤੇ ਸਵੇਰੇ 7:00 - 8:00 ਵਜੇ ਤੱਕ
ਸਾਧਣਾ ਟੀਵੀ ਤੇ ਸਵੇਰੇ 9:00 - 10:00 ਵਜੇ ਤੱਕ
ਹਰਿਆਣਾ ਨਿਊਜ਼ ਤੇ ਸ਼ਾਮ 7:30 - 8:30 ਵਜੇ ਤੱਕ
ਈਸ਼ਵਰ ਟੀਵੀ ਤੇ ਸਵੇਰੇ 10:00 - 11:00 ਵਜੇ ਤੱਕ
ਗਲੋਬਲ ਸਾਂਝ ਟੀ-ਵੀ ਤੇ ਸ਼ਾਮ 7:00 - 8:00 ਵਜੇ ਤੱਕ

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:

satlokashramcanada@gmail.com
satsahibusa@gmail.com
647-739-4641
346-714-0224





## KAMAL SANDHU
Sales Representative
647.891.0143

RE/MAX GOLD
realtorkamalsandhu@gmail.com
www.arearealtor.com

Looking For a Nest..? Call the Best




CLOSING IN APRIL 2021

| Bedroom | Bathroom |
|---|---|
| 4 | 2+1 |
| **Size (Sq.Ft.)** | **Home Details** |
| 2455 | 42' |

EXCLUSIVE FOR SALE IN WOODSTOCK



CLOSING IN APRIL 2021

| Bedroom | Bathroom |
|---|---|
| 4 | 2+1 |
| **Size (Sq.Ft.)** | **Home Details** |
| 2250 | 36' |

FOR SALE

EXCLUSIVE
JAMES C

KAMAL SANDHU RE/MAX GOLD REALTY INC BROKERAGE

# ਆਪਣੀਆਂ ਸ਼ਰਤਾਂ ਤੇ ਨੌਕਰੀ ਕਰਨ ਵਾਲਾ ਅਧਿਕਾਰੀ ਵਰਿਆਮ ਸਿੰਘ ਢੋਟੀਆਂ

-ਉਜਾਗਰ ਸਿੰਘ

ਜੇਕਰ ਕਿਸੇ ਇਨਸਾਨ ਦਾ ਇਰਾਦਾ ਦ੍ਰਿੜ੍ਹ, ਲਗਨ, ਮਿਹਨਤੀ ਰੁਚੀ, ਆਪਣਾ ਕੈਰੀਅਰ ਬਣਾਉਣ ਦੀ ਸਾਰਥਿਕ ਭਾਵਨਾ, ਹਾਲਾਤ ਭਾਵੇਂ ਕਿਹੋ ਜਹੇ ਵੀ ਹੋਣ ਪ੍ਰੰਤੂ ਆਪਣੇ ਉਪਰ ਵਿਸ਼ਵਾਸ ਹੋਵੇ ਤਾਂ ਸਫਲਤਾ ਉਸਦੇ ਪੈਰ ਚੁੰਮਦੀ ਹੈ। ਅਜਿਹੇ ਹੀ ਇਕ ਵਿਅਕਤੀ ਹਨ, ਲੋਕ ਸੰਪਰਕ ਵਿਭਾਗ ਦੇ ਸੇਵਾ ਮੁਕਤ ਸੰਯੁਕਤ ਸੰਚਾਲਕ ਵਰਿਆਮ ਸਿੰਘ ਢੋਟੀਆਂ। ਉਨ੍ਹਾਂ ਨੇ 34 ਸਾਲ ਵਿਭਾਗ ਵਿਚ ਨੌਕਰੀ ਧੜੱਲੇ ਨਾਲ ਕੀਤੀ। ਇਮਾਨਦਾਰੀ ਦਾ ਪੱਲਾ ਨਹੀਂ ਛੱਡਿਆ ਭਾਵੇਂ ਕਿਤਨੇ ਹੀ ਦਬਾਅ ਪੈਂਦੇ ਰਹੇ ਅਤੇ ਕਦੀਂ ਵੀ ਕਿਸੇ ਸੀਨੀਅਰ ਅਧਿਕਾਰੀ ਦੀ ਈਨ ਨਹੀਂ ਮੰਨੀ। ਆਮ ਤੌਰ ਤੇ ਕਿਹਾ ਜਾਂਦਾ ਹੈ ਕਿ ਨੌਕਰੀ ਵਿਚ ਨਖ਼ਰਾ ਨਹੀਂ ਚਲਦਾ ਪ੍ਰੰਤੂ ਵਰਿਆਮ ਸਿੰਘ ਢੋਟੀਆਂ ਨੇ ਸਾਰੀ ਨੌਕਰੀ ਨਖ਼ਰੇ ਨਾਲ ਆਪਣੀਆਂ ਸ਼ਰਤਾਂ ਤੇ ਕੀਤੀ। ਭਾਵੇਂ ਉਨ੍ਹਾਂ ਦੀ ਤਰੱਕੀ ਵਿਚ ਕਈ ਵਾਰ ਅੜਚਣਾ ਪਾਈਆਂ ਗਈਆਂ ਪ੍ਰੰਤੂ ਉਹ ਸਰਕਾਰੀ ਵਿਭਾਗਾਂ ਵਾਲੀ ਚਾਪਲੂਸੀ ਤੋਂ ਕੋਹਾਂ ਦੂਰ ਰਹੇ। ਉਨ੍ਹਾਂ ਦਾ ਜਨਮ ਅੰਮ੍ਰਿਤਸਰ ਜਿਲ੍ਹੇ ਦੇ ਪਿੰਡ ਢੋਟੀਆਂ ਵਿਖੇ ਪਿਤਾ ਕਿਸ਼ਨ ਸਿੰਘ ਅਤੇ ਮਾਤਾ ਭਾਨੀ ਦੇ ਘਰ 1 ਫਰਵਰੀ 1932 ਨੂੰ ਹੋਇਆ। ਕਿਸ਼ਨ ਸਿੰਘ ਦਾ ਪਰਿਵਾਰ ਮੱਧ ਵਰਗ ਦਾ ਕਾਸ਼ਤਕਾਰ ਕਰਨ ਵਾਲਾ ਪਰਿਵਾਰ ਸੀ। ਅੱਜ ਕਲ੍ਹ ਇਹ ਪਿੰਡ ਤਰਨ-ਤਾਰਨ ਜਿਲ੍ਹੇ ਵਿਚ ਹੈ। ਇਹ ਪਿੰਡ ਤਰਨਤਾਰਨ ਤੋਂ 8 ਕਿਲੋਮੀਟਰ ਦੂਰ ਸਥਿਤ ਹੈ। ਪਰਿਵਾਰ ਵਿਚ ਭਾਵੇਂ ਕੋਈ ਬਹੁਤਾ ਪੜ੍ਹਿਆ ਲਿਖਿਆ ਨਹੀਂ ਸੀ ਪ੍ਰੰਤੂ ਵਰਿਆਮ ਸਿੰਘ ਦੇ ਮਾਤਾ ਪਿਤਾ ਨੇ ਪੜ੍ਹਾਈ ਦੀ ਅਹਿਮੀਅਤ ਨੂੰ ਸਮਝਦਿਆਂ ਆਪਣੇ 3 ਸਪੁੱਤਰਾਂ ਨੂੰ ਜ਼ਿੰਦਗੀ ਵਿਚ ਸਫਲਤਾ ਪ੍ਰਾਪਤ ਕਰਨ ਲਈ ਪੜ੍ਹਾਈ ਕਰਵਾਉਣ ਨੂੰ ਜ਼ਰੂਰੀ ਮਹਿਸੂਸ ਕਰਦਿਆਂ ਪੜ੍ਹਾਇਆ। ਵੱਡਾ ਸਪੁੱਤਰ ਦਿੱਲੀ ਵਿਖੇ ਆਪਣਾ ਕਾਰੋਬਾਰ ਕਰਦਾ ਅਤੇ ਦੂਜਾ ਲੜਕਾ ਸਰੂਪ ਸਿੰਘ ਪੋਸਟ ਅਤੇ ਟੈਲੀਗ੍ਰਾਫ ਵਿਭਾਗ ਵਿਚ ਦਿੱਲੀ ਵਿਖੇ ਸੀਨੀਅਰ ਅਕਾਊਂਟਸ ਕਲਰਕ ਸੀ। ਉਨ੍ਹਾਂ ਨੂੰ ਵਿਭਾਗ ਨੇ ਡੈਪੂਟੇਸਨ ਤੇ ਜਾਂਬੀਆ ਭੇਜਿਆ। ਜਿਥੋਂ ਉਹ ਸੇਵਾ ਮੁਕਤੀ ਤੋਂ ਬਾਅਦ ਬੋਟਸਟੋਵਾ ਚਲੇ ਗਏ ਅਤੇ ਉਥੇ ਉਨ੍ਹਾਂ ਨੇ ਮੋਟਰ ਮੁਰੰਮਤ ਕਰਨ ਦੀ ਵਰਕਸ਼ਾਪ ਅਤੇ ਪੈਟਰੋਲ ਪੰਪ ਦਾ ਵਿਓਪਾਰ ਕਰ ਲਿਆ। ਜਦੋਂ ਵਰਿਆਮ ਸਿੰਘ ਪੜ੍ਹਦੇ ਸਨ, ਉਦੋਂ ਪਿੰਡ ਨੂੰ ਤਰਨਤਾਰਨ ਤੋਂ ਜਾਂਦੀ ਸੜਕ ਸੇਰੋਂ ਤੋਂ 3 ਕਿਲੋਮੀਟਰ ਕੱਚੀ ਸੀ। ਤਰਨਤਾਰਨ ਆਉਣ ਜਾਣ ਲਈ ਤਾਂਗੇ ਦੀ ਸਵਾਰੀ ਕੀਤੀ ਜਾਂਦੀ ਸੀ। ਆਵਾਜਾਈ ਦਾ ਹੋਰ ਕੋਈ ਸਾਧਨ ਨਹੀਂ ਸੀ। ਲੋਕ ਆਪਣੀਆਂ ਫਸਲਾਂ ਤਰਨਤਾਰਨ ਵੇਚਣ ਜਾਂਦੇ ਸਨ। ਪਿੰਡ ਵਿਚ ਇਕ ਰਾਜਾ ਰਾਮ ਗੁਰਦੁਆਰਾ, ਮੰਦਰ ਅਤੇ ਮਸੀਤ ਵੀ ਹੈ। ਪਿੰਡ ਵਿਚ ਇਕ ਵੱਡਾ ਬੋਹੜ ਦਾ ਦਰਖਤ ਹੁੰਦਾ ਸੀ, ਜਿਥੇ ਪਿੰਡ ਦੇ ਲੋਕ ਬੈਠਕੇ ਗਪਛਪ ਕਰਦੇ ਅਤੇ ਬੱਚੇ ਖੇਡਦੇ ਸਨ। ਏਥੇ ਹੀ ਇਕ ਮੇਲਾ ਲਗਦਾ ਸੀ। ਬੋਹੜ ਕਾਰ ਸੇਵਾ ਦੀ ਭੇਂਟ ਚੜ੍ਹ ਗਿਆ ਹੈ। ਪਿੰਡ ਵਿਚ ਸ਼ਾਹੂਕਾਰਾਂ ਦੇ ਵੱਡੇ ਅਤੇ ਸੁੰਦਰ ਘਰ ਸਨ। ਲੋਕਾਂ ਦੇ ਦੁੱਖ ਸੁੱਖ ਵਿਚ ਉਹ ਹੀ ਕੰਮ ਆਉਂਦੇ ਸਨ।

ਵਰਿਆਮ ਸਿੰਘ ਨੇ ਪ੍ਰਾਇਮਰੀ ਤੱਕ ਦੀ ਪੜ੍ਹਾਈ ਢੋਟੀਆਂ ਪਿੰਡ ਦੇ ਸਕੂਲ ਤੋਂ ਹੀ ਪ੍ਰਾਪਤ ਕੀਤੀ। ਦਸਵੀਂ ਤੱਕ ਦੀ ਪੜ੍ਹਾਈ ਉਨ੍ਹਾਂ ਨੇ ਡੇਰਾ ਬਾਬਾ ਨਾਨਕ ਹਾਈ ਸਕੂਲ ਵਿਚੋਂ ਕੀਤੀ ਸੀ। 6ਵੀਂ ਅਤੇ 7ਵੀਂ ਉਹ ਪੈਦਲ ਸਕੂਲ ਜਾਂਦੇ ਰਹੇ। 8ਵੀਂ ਅਤੇ 9ਵੀਂ ਹੋਸਟਲ ਵਿਚ ਰਹਿਕੇ ਪਾਸ ਕੀਤੀਆਂ। 10ਵੀਂ ਕਲਾਸ ਵਿਚ ਪੜ੍ਹਨ ਲਈ ਪਿੰਡ ਤੋਂ





ਸਾਈਕਲ 'ਤੇ ਜਾਂਦੇ ਰਹੇ। ਉਸ ਤੋਂ ਬਾਅਦ ਉਹ ਆਪਣੇ ਭਰਾਵਾਂ ਕੋਲ ਦਿੱਲੀ ਚਲੇ ਗਏ, ਉਥੇ ਉਨ੍ਹਾਂ 1952 ਵਿਚ ਰਾਮਜਸ ਕਾਲਜ ਤੋਂ ਬੀ ਏ ਦੀ ਡਿਗਰੀ ਪਾਸ ਕੀਤੀ। ਬੀ ਏ ਕਰਨ ਵਾਲੇ ਢੋਟੀਆਂ ਪਿੰਡ ਦੇ ਉਹ ਪਹਿਲੇ ਵਿਅਕਤੀ ਸਨ। ਸਾਲ 1955 ਵਿਚ ਉਹ ਲੋਕ ਸੰਪਰਕ ਵਿਭਾਗ ਵਿਚ ਚੰਡੀਗੜ੍ਹ ਵਿਖੇ ਸੁਬਾਰਡੀਨੇਟ ਸਰਵਿਸ ਸਿਲੈਕਸ਼ਨ ਬੋਰਡ ਰਾਹੀਂ ਅਨੁਵਾਦਕ ਭਰਤੀ ਹੋ ਗਏ। ਉਨ੍ਹਾਂ ਦੇ ਮਨ ਵਿਚ ਬਚਪਨ ਵਿਚ ਹੀ ਵਿਚ ਕੁਝ ਬਣਨ ਦੀ ਪ੍ਰਵਿਰਤੀ ਪੈਦਾ ਹੋ ਗਈ ਸੀ, ਜਿਸ ਕਰਕੇ ਉਨ੍ਹਾਂ ਨੇ ਸਖ਼ਤ ਮਿਹਨਤ ਕੀਤੀ। ਸਰਕਾਰੀ ਨੌਕਰੀ ਦੌਰਾਨ ਹੀ ਉਨ੍ਹਾਂ ਨੇ ਪ੍ਰਾਈਵੇਟਲੀ ਪਹਿਲਾਂ ਗਿਆਨੀ, ਪ੍ਰਭਾਕਰ ਅਤੇ ਫਿਰ ਐਮ ਏ ਪੰਜਾਬੀ ਪਾਸ ਕਰ ਲਈਆਂ। ਜਦੋਂ ਉਨ੍ਹਾਂ ਦੀ 6 ਸਾਲ ਨੌਕਰੀ ਕਰਨ ਤੋਂ ਬਾਅਦ ਕੋਈ ਤਰੱਕੀ ਨਾ ਹੋਈ ਤਾਂ ਲੋਕ ਸੰਪਰਕ ਵਿਭਾਗ ਦੀ ਨੌਕਰੀ ਤੋਂ ਵੀ ਉਹ ਉਕਤਾ ਗਏ ਅਤੇ 1961 ਵਿਚ ਭਾਸ਼ਾ ਵਿਭਾਗ ਪੰਜਾਬ ਵਿਚ ਪਟਿਆਲਾ ਵਿਖੇ ਸੀਨੀਅਰ ਅਨੁ-ਵਾਦਕ ਦੀ ਨੌਕਰੀ ਤੇ ਲੱਗ ਗਏ। ਇਸ ਵਿਭਾਗ ਵਿਚ ਉਨ੍ਹਾਂ ਨੂੰ ਮਹਿਸੂਸ ਹੋਇਆ ਕਿ ਇਸ ਵਿਭਾਗ ਦਾ ਕੰਮ ਉਨ੍ਹਾਂ ਦੀ ਸਾਹਿਤਕ ਰੁਚੀ ਵਾਲਾ ਹੈ, ਇਸ ਲਈ ਉਨ੍ਹਾਂ ਨੇ ਪੰਜਾਬ ਪਬਲਿਕ ਸਰਵਿਸ ਕਮਿਸ਼ਨ ਵੱਲੋਂ ਜਿਲ੍ਹਾ ਭਾਸ਼ਾ ਅਧਿਕਾਰੀਆਂ ਦੀਆਂ ਅਸਾਮੀਆਂ ਲਈ ਭਰਤੀ ਵਾਸਤੇ ਇਸ਼ਤਿਹਾਰ ਅਖ਼ਬਾਰਾਂ ਵਿਚ ਪ੍ਰਕਾਸ਼ਤ ਹੋਇਆ ਪੜ੍ਹਿਆ ਤਾਂ ਉਨ੍ਹਾਂ ਲਈ ਅਰਜ਼ੀ ਦੇ ਦਿੱਤੀ। ਉਹ ਇਸ ਅਸਾਮੀ ਲਈ ਚੁਣੇ ਗਏ ਅਤੇ 1 ਅਪ੍ਰੈਲ 1964 ਨੂੰ ਜਿਲ੍ਹਾ ਭਾਸ਼ਾ ਅਧਿਕਾਰੀ ਲੱਗ ਗਏ। ਭਾਵੇਂ ਇਸ ਵਿਭਾਗ ਵਿਚ ਉਨ੍ਹਾਂ ਦੀ ਦਿਲਚਸਪੀ ਵਾਲਾ ਕੰਮ ਸੀ ਪ੍ਰੰਤੂ ਦਿਮਾਗ ਵਿਚ ਹੋਰ ਉਚਾ ਅਹੁਦਾ ਪ੍ਰਾਪਤ ਕਰਨ ਲਈ ਉਤਸੁਕਤਾ ਪੈਦਾ ਹੋ ਗਈ ਕਿਉਂਕਿ ਉਨ੍ਹਾਂ ਨੂੰ ਆਪਣੀ ਕਾਬਲੀਅਤ ਤੇ ਮਾਣ ਸੀ ਕਿ ਉਹ ਹੋਰ ਤਰੱਕੀ ਕਰ ਸਕਦੇ ਹਨ। ਲੋਕ ਸੰਪਰਕ ਵਿਭਾਗ ਵਿਚ ਇਕ ਲੋਕ ਸੰਪਰਕ ਅਧਿਕਾਰੀ ਪ੍ਰੈਸ ਦੀ ਅਸਾਮੀ ਦਾ ਅਖ਼ਬਾਰਾਂ ਵਿਚ ਇਸ਼ਤਿਹਾਰ ਨਿਕਲਿਆ। ਫਿਰ ਉਨ੍ਹਾਂ ਉਸ ਅਸਾਮੀ ਲਈ ਵੀ ਅਪਲਾਈ ਕਰ ਦਿੱਤਾ। ਛੇ ਮਹੀਨੇ ਜਿਲ੍ਹਾ ਭਾਸ਼ਾ ਅਧਿਕਾਰੀ ਦੀ ਨੌਕਰੀ ਕਰਨ ਤੋਂ ਬਾਅਦ ਉਨ੍ਹਾਂ ਦੀ ਚੋਣ ਜਿਲ੍ਹਾ ਲੋਕ ਸੰਪਰਕ ਅਧਿਕਾਰੀ ਦੀ ਹੋ ਗਈ ਅਤੇ ਉਨ੍ਹਾਂ ਨੇ 7 ਅਕਤੂਬਰ 1964 ਨੂੰ ਜਿਲ੍ਹਾ ਲੋਕ ਸੰਪਰਕ ਅਧਿਕਾਰੀ ਗੁਰਦਾਸਪੁਰ ਦਾ ਅਹੁਦਾ ਸੰਭਾਲ ਲਿਆ। ਫੀਰੋਜ਼ਪੁਰ ਅਤੇ ਗੁਰਦਾ-ਸਪੁਰ ਦੇ ਸਰਹੱਦੀ ਜਿਲ੍ਹੇ ਹੋਣ ਕਰਕੇ ਉਥੋਂ ਦਾ ਉਨ੍ਹਾਂ ਦਾ ਤਜ਼ਰਬਾ ਕਈ ਖੱਟੇ ਮਿਠੇ ਅਨੁਭਵਾਂ ਵਾਲਾ ਰਿਹਾ ਜੋ ਸਾਰੀ ਨੌਕਰੀ ਦੌਰਾਨ ਸਹਾਈ ਅਤੇ ਤਰੱਕੀ ਦੇ ਰਾਹ ਵਿਚ ਰੋੜਾ ਬਣਿਆਂ। ਗੁਰਦਾਸਪੁਰ ਨੌਕਰੀ ਸਮੇਂ 1965 ਵਿਚ ਅਤੇ ਫੀਰੋਜ਼ਪੁਰ ਪੋਸਟਿੰਗ ਦੌਰਾਨ 1971 ਵਿਚ ਭਾਰਤ ਪਾਕਿ-ਸਤਾਨ ਦੀ ਲੜਾਈ ਲੱਗ ਗਈ। ਇਨ੍ਹਾਂ ਲੜਾਈਆਂ ਦੌਰਾਨ ਫੌਜੀ ਅਧਿਕਾਰੀਆਂ ਅਤੇ ਜਵਾਨਾ ਨਾਲ ਵਾਹ ਪੈਂਦਾ ਰਿਹਾ। ਇਥੇ ਸਰਹੱਦੀ ਇਲਾਕਾ ਹੋਣ ਕਰਕੇ ਹਮੇਸ਼ਾ ਅਨਿਸਚਤਤਾ ਦਾ ਮਾਹੌਲ ਬਣਿਆਂ ਰਹਿੰਦਾ ਸੀ। ਮੁੱਖ ਦਫ਼ਤਰ ਵੱਲੋਂ ਕਦੀਂ ਵੀ ਕਿਸੇ ਨੇ ਸਾਰ ਨਾ ਲਈ। ਜਦੋਂ ਉਹ ਫੀਰੋਜਜ਼ਪੁਰ ਸਨ ਤਾਂ ਚੰਡੀਗੜ੍ਹ ਤੋਂ ਵਿਭਾਗ ਦਾ ਇਕ ਸੀਨੀਅਰ ਆਈ ਏ ਐਸ ਅਧਿਕਾਰੀ ਪ੍ਰੈਸ ਪਾਰਟੀ ਲੈ ਕੇ ਬਾਰਡਰ ਸਕਿਉਰਿਟੀ ਫੋਰਸ ਦੇ ਹੈਡਕੁਆਰਟਰ ਮਮਦੋਟ ਵਿਖੇ ਆ ਗਏ, ਪ੍ਰੈਸ ਪਾਰਟੀ ਦੇ ਪ੍ਰੋਗਰਾਮ ਦਾ ਜਿਲ੍ਹਾ ਲੋਕ ਸੰਪਰਕ ਦਫ਼ਤਰ ਨੂੰ ਦੱਸਿਆ ਨਾ ਗਿਆ। ਪਤਾ ਉਦੋਂ ਲੱਗਾ ਜਦੋਂ ਇਕ ਡਰਾਇਵਰ ਆਪਣੀ ਗੱਡੀ ਦੀ ਮੁਰੰਮਤ ਕਰਵਾਉਣ ਲਈ ਸਵੇਰੇ ਹੀ ਆ ਗਿਆ। ਉਨ੍ਹਾਂ ਗੱਡੀ ਦੀ ਮੁਰੰਮਤ ਕਰਵਾਉਣ ਤੋਂ ਜਵਾਬ ਦੇ ਦਿੱਤਾ। ਜਿਸਦਾ ਸਿੱਟਾ ਇਹ ਨਿਕਲਿਆ ਕਿ ਉਨ੍ਹਾਂ ਦੀਆਂ ਬਦਲੀਆਂ ਦਾ ਸਿਲਸਿਲਾ ਸ਼ੁਰੂ ਹੋ ਗਿਆ। ਪਹਿਲਾਂ ਬਠਿੰਡਾ ਫਿਰ ਫੀਰੋਜ਼ਪੁਰ, ਲੁਧਿਆਣਾ ਅਤੇ ਹੋਰ ਕਈ ਥਾਵਾਂ 'ਤੇ ਇਸੇ ਤਰ੍ਹਾਂ ਚਲਦਾ ਰਿਹਾ। ਉਨ੍ਹਾਂ ਦੀ 1976 ਵਿਚ ਜਦੋਂ ਡਿਪਟੀ ਡਾਇਰੈਕਟਰ ਬਣਨ ਦੀ ਵਾਰੀ ਆਈ ਤਾਂ ਉਹ ਅਧਿਕਾਰੀ ਤਰੱਕੀ ਰੋਕ ਨਾ ਸਕਿਆ ਕਿਉਂਕਿ ਉਨ੍ਹਾਂ ਦਾ ਸਰਵਿਸ ਰਿਕਾਰਡ ਬਹੁਤ ਵਧੀਆ ਸੀ। 1978 ਵਿਚ ਉਨ੍ਹਾਂ ਨੂੰ ਸਨਅਤ ਵਿਭਾਗ ਵਿਚ ਐਕਸਪੋਰਟ ਪ੍ਰਮੋਸ਼ਨ ਅਧਿਕਾਰੀ ਡੈਪੂਟੇਸ਼ਨ ਤੇ ਭੇਜ ਦਿੱਤਾ ਗਿਆ। ਫਿਰ ਉਨ੍ਹਾਂ ਦੀ ਕੇਂਦਰੀ ਸ਼ਾਸ਼ਤ ਪ੍ਰਦੇਸ਼ ਚੰਡੀਗੜ੍ਹ ਵਿਚ ਡੈਪੂਟੇਸ਼ਨ 'ਤੇ ਡਾਇਰੈਕਟਰ ਹਾਸਪੀਟਿਲਟੀ ਟੂਰਿਜ਼ਮ ਅਤੇ ਡਾਇਰੈਕਟਰ ਲੋਕ ਸੰਪਰਕ ਵਜੋਂ ਚੋਣ ਹੋ ਗਈ। ਉਥੇ ਉਨ੍ਹਾਂ ਨੂੰ ਆਜ਼ਾਦ ਤੌਰ ਤੇ ਕੰਮ ਕਰਨ ਦਾ ਮੌਕਾ ਮਿਲਿਆ, ਜਿਸ ਕਰਕੇ ਉਨ੍ਹਾਂ ਉਥੇ ਕਈ ਮਾਅਰਕੇ ਦੇ ਕੰਮ ਕੀਤੇ। ਉਸ ਸਮੇਂ ਯੂ ਟੀ ਗੈਸਟ ਹਾਊਸ ਵਿਚ ਸਿਰਫ 9 ਕਮਰੇ ਹੁੰਦੇ ਸਨ। ਇਨ੍ਹਾਂ ਵਿਚੋਂ ਸਿਰਫ ਦੋ ਕਮਰਿਆਂ ਵਿਚ ਵਿੰਡੋ ਏਅਰ ਕੰਡੀਸ਼ਨਰ ਹੁੰਦੇ ਸਨ। ਉਨ੍ਹਾਂ ਯੂ ਟੀ ਗੈਸਟ ਹਾਊਸ ਵਿਚ 18 ਨਵੇਂ ਕਮਰੇ ਬਣਵਾਏ ਅਤੇ ਕਾਨਫਰੰਸ ਹਾਲ ਦਾ ਵਿਸਤਾਰ ਕਰਵਾਕੇ ਸੈਂਟਰਲੀ ਏਅਰਕੰਡੀਸ਼ਨਡ ਕਰਵਾਇਆ। ਸਾਰੇ ਗੈਸਟ ਹਾਊਸ ਦੀ ਮੁਰੰਮਤ ਕਰਵਾਕੇ ਨਵੀਂ ਦਿੱਖ ਬਣਵਾਈ। ਸੁਖਨਾ ਝੀਲ 'ਤੇ ਕੈਫੇਟੇਰੀਆ ਅਤੇ ਟੂਰਿਸਟ ਕੈਂਪਸ ਸਾਈਟ ਬਣਵਾਈ। ਰਾਕ ਗਾਰਡਨ ਵਿਚ ਸਨੈਕ ਬਾਰ ਖੁਲਵਾਈ। ਸੈਰ ਸਪਾਟਾ ਕਰਨ ਵਾਲਿਆਂ ਲਈ ਇਕ ਟੂਰਿਸਟ ਕੋਚ ਬਣਵਾਈ ਅਤੇ ਇਕ ਟਿਓਟਾ ਕਾਰ ਵਿਦੇਸ਼ ਤੋਂ ਮੰਗਵਾਈ। ਇਸੇ ਤਰ੍ਹਾਂ ਕੇਂਦਰ ਸਰਕਾਰ ਤੋਂ ਹੋਟਲ ਸ਼ਿਵਾਲਿਕ ਪਾਸ ਕਰਵਾਇਆ। ਹੋਟਲ ਅੰਬੈਸਡਰ ਓਬਰਾਏ ਗਰੁਪ ਤੋਂ ਖਾਲੀ ਕਰਵ-ਾਇਆ। ਪੰਚਾਇਤ ਭਵਨ ਵਿਚ ਆਧੁਨਿਕ ਸਹੂਲਤਾਂ ਦਾ ਪ੍ਰਬੰਧ ਕੀਤਾ। 28 ਅਪ੍ਰੈਲ 1983 ਨੂੰ ਉਨ੍ਹਾਂ ਨੇ ਸੰਯੁਕਤ ਸੰਚਾਲਕ ਲੋਕ ਸੰਪਰਕ ਵਿਭਾਗ ਦਾ ਚਾਰਜ ਸੰਭਾਲ ਲਿਆ। ਉਹ ਵਿਭਾਗ ਦੀ ਸਭ ਤੋਂ ਮਹੱਤਵਪੂਰਨ ਪ੍ਰੈਸ ਸ਼ਾਖਾ ਦਾ ਕੰਮ ਵੇਖਦੇ ਰਹੇ। ਭਾਰਤ ਸਰਕਾਰ ਨੇ ਇਕ ਵਧੀਕ ਡਾਇਰੈਕਟਰ ਦੀ ਅਸਾਮੀ ਪ੍ਰਵਾਨ ਕਰਕੇ ਭੇਜੀ, ਜਿਸ ਉਪਰ ਉਨ੍ਹਾਂ ਨੂੰ ਸੀਨੀਅਰਟੀ ਅਨੁਸਾਰ ਨਿਯੁਕਤ ਕਰਨਾ ਸੀ ਪ੍ਰੰਤੂ ਉਸੇ ਆਈ ਐਸ ਅਧਿਕਾਰੀ ਨੇ ਰੋੜਾ ਅਟਕਾ ਦਿੱਤਾ। ਜਦੋਂ ਵਿਭਾਗ ਨੇ ਉਨ੍ਹਾਂ ਤੋਂ ਪ੍ਰੈਸ ਸ਼ਾਖਾ ਦਾ ਕੰਮ ਲੈ ਕੇ ਕਿਸੇ ਹੋਰ ਅਧਿਕਾਰੀ ਨੂੰ ਦੇ ਕੇ ਉਨ੍ਹਾਂ ਨੂੰ ਗੁੱਠੇ ਲਾਈਨ ਲਗਾ ਦਿੱਤਾ ਤਾਂ ਉਨ੍ਹਾਂ ਦੇ ਕੰਮ ਦੀ ਕਦਰ ਕਰਨ ਵਾਲੇ ਰਾਜਪਾਲ ਪੰਜਾਬ ਦੇ ਸਲਾਹਕਾਰ ਜੇ ਐਫ ਰਿਬੇਰੋ ਨੇ ਲਿਖਕੇ ਭੇਜਿਆ ਕਿ ਉਨ੍ਹਾਂ ਨੂੰ ਇਸੇ ਕੰਮ ਤੇ ਰਹਿਣ ਦਿੱਤਾ ਜਾਵੇ। ਇਹ ਵੀ ਲਿਖਿਆ ਕਿ ਇਤਨੇ ਮਿਹਨਤੀ ਅਧਿਕਾਰੀ ਤੋਂ ਕੰਮ ਲੈਣਾ ਚਾਹੀਦਾ ਹੈ, ਜਿਸਦਾ ਸਰਕਾਰ ਨੂੰ ਲਾਭ ਹੋਵੇਗਾ। ਪ੍ਰੰਤੂ ਉਸ ਆਈ ਏ ਐਸ ਅਧਿਕਾਰੀ ਨੇ ਆਪਣੀ ਕਿੜ ਕੱਢਣ ਲਈ ਉਹ ਨੋਟ ਦੱਬਕੇ ਰੱਖ ਲਿਆ। ਉਹ 31ਜਨਵਰੀ 1990 ਨੂੰ ਸੇਵਾ ਮੁਕਤ ਹੋ ਗਏ। ਵਰਿਆਮ ਸਿੰਘ ਢੋਟੀਆਂ ਦਾ ਵਿਆਹ ਮਹਿੰਦਰ ਕੌਰ ਨਾਲ ਹੋਇਆ। ਉਨ੍ਹਾਂ ਦੀਆਂ ਦੋ ਸਪੁੱਤਰੀਆਂ ਅਤੇ ਇਕ ਸਪੁੱਤਰ ਹੈ। ਉਨ੍ਹਾਂ ਆਪਣੇ ਬੱਚਿਆਂ ਨੂੰ ਉਚ ਪੜ੍ਹਾਈ ਕਰਵਾਈ। ਤਿੰਨੋ ਬੱਚੇ ਆਪੋ ਆਪਣੇ ਸਫਲ ਜੀਵਨ ਬਤੀਤ ਕਰ ਰਹੇ ਹਨ। ਉਨ੍ਹਾਂ ਦਾ ਸਪੁੱਤਰ ਹਰਮਨਜੀਤ ਸਿੰਘ ਮੋਹਾਲੀ ਵਿਖੇ ਸਨਅਤਕਾਰ ਹੈ। ਉਨ੍ਹਾਂ ਦੀ ਵੱਡੀ ਬੇਟੀ ਪਰਮਜੀਤ ਕੌਰ ਐਮ ਏ ਹਿਸਟਰੀ ਹੈ ਜੋ ਅਧਿਆਪਕਾ ਹੈ। ਉਨ੍ਹਾਂ ਦਾ ਪਤੀ ਫੌਜ ਵਿਚੋਂ ਕਰਨਲ ਸੇਵਾ ਮੁਕਤ ਹੋਇਆ ਹੈ । ਹੁਣ ਪ੍ਰੈਜੀਡੈਂਟ ਅਤੇ ਸੀ ਈ ਓ ਡਿਫੈਂਸ ਐਂਡ ਐਰੋਸਪੇਸ ਭਾਰਤ ਫੋਰਜ ਕੰਪਨੀ ਵਿਚ ਹੈ। ਦੂਜੀ ਲੜਕੀ ਡਾ ਹਰਪ੍ਰੀਤ ਕੌਰ ਪੰਜਾਬੀ ਯੂਨੀਵਰਸਿਟੀ ਵਿਚ ਜੂਆਲੋਜੀ ਵਿਭਾਗ ਵਿਚ ਪ੍ਰੋਫੈਸਰ ਅਤੇ ਚੇਅਰਪਰਸਨ ਹੈ। ਉਨ੍ਹਾਂ ਦਾ ਪਤੀ ਮਾਈਨਿੰਗ ਵਿਚ ਐਡੀਸ਼ਨਲ ਡਾਇਰੈਕਟਰ ਦੇ ਰੈਂਕ ਵਿਚ ਵਿਭਾਗ ਦਾ ਮੁੱਖੀ ਹੈ।

ਵਰਿਆਮ ਸਿੰਘ ਢੋਟੀਆਂ ਆਪਣੇ ਸਮੇਂ ਦੇ ਚੰਗੇ ਕਹਾਣੀਕਾਰ ਸਨ। ਉਨ੍ਹਾਂ ਦੀਆਂ ਕਹਾਣੀਆਂ ਦੀਆਂ ਦੋ ਪੁਸਤਕਾਂ ''ਜਦੋਂ ਹੱਦ ਹੋ ਗਈ'' ਅਤੇ ''ਸੁਪਨੇ ਅਤੇ ਪਰਛਾਵੇਂ'' ਵੀ ਪ੍ਰਕਾਸ਼ਤ ਹੋਈਆਂ ਹਨ। ਜਦੋਂ ਉਹ ਨੌਕਰੀ ਵਿਚ ਸਨ ਤਾਂ ਉਸ ਅਧਿਕਾਰੀ ਜੋ ਉਸ ਸਮੇਂ ਮੁੱਖ ਸਕੱਤਰ ਸਨ ਦੇ ਪੰਜਾਬੀ ਵਿਰੋਧੀ ਹੋਣ ਬਾਰੇ ਲੇਖ ਲਿਖਿਆ, ਜਿਹੜਾ ਪੰਜਾਬੀ ਟ੍ਰਿਬਿਊਨ ਵਿਚ ਪ੍ਰਕਾਸ਼ਤ ਹੋਇਆ ਸੀ। ਫਿਰ ਉਸ ਅਧਿਕਾਰੀ ਨੂੰ ਕੇਂਦਰ ਵਿਚ ਡੈਪੂਟੇਸਨ ਤੇ ਭੇਜ ਦਿੱਤਾ ਗਿਆ। ਸੇਵਾ ਮੁਕਤੀ ਤੋਂ ਬਾਅਦ ਉਨ੍ਹਾਂ ਪੰਜਾਬੀ ਦੇ ਅਖ਼ਬਾਰਾਂ ਲਈ ਲੇਖ ਲਿਖਦੇ ਹਨ, ਜਿਹੜੇ ਵੱਖ-ਵੱਖ ਅਖ਼ਬਾਰਾਂ ਵਿਚ ਪ੍ਰਕਾਸ਼ਤ ਹੁੰਦੇ ਰਹਿੰਦੇ ਹਨ।

# ਪੰਜਾਬੀ ਲੈਂਗੂਏਜ਼ ਐਜੂਕੇਸ਼ਨ ਐਸੋਸੀਏਸ਼ਨ (ਪਲੀ) ਨੇ ਅਠਾਰਵਾਂ ਮਾਂ-ਬੋਲੀ ਦਿਵਸ ਜ਼ੂਮ ਰਾਹੀਂ ਮਨਾਇਆ

-ਹਰਪ੍ਰੀਤ ਸੇਖਾ-

ਪੰਜਾਬੀ ਲੈਂਗੂਏਜ਼ ਐਜੂਕੇਸ਼ਨ ਐਸੋਸੀਏਸ਼ਨ (ਪਲੀ) ਨੇ ਆਪਣਾ ਅਠਾਰਵਾਂ ਸਲਾਨਾ ਅੰਤਰਰਾਸ਼ਟਰੀ ਮਾਂ-ਬੋਲੀ ਦਿਵਸ ਕੋਵਿਡ-19 ਦੇ ਕਾਰਨ ਜ਼ੂਮ ਰਾਹੀਂ ਮਨਾਇਆ। ਤਕਰੀਬਨ ਤਿੰਨ ਘੰਟੇ ਚੱਲੇ ਇਸ ਪ੍ਰੋਗਰਾਮ ਵਿਚ ਕਨੇਡਾ ਅਤੇ ਅਮਰੀਕਾ ਦੇ ਵੱਖ ਵੱਖ ਸ਼ਹਿਰਾਂ ਤੋਂ ਵੱਡੀ ਗਿਣਤੀ ਵਿਚ ਪੰਜਾਬੀ ਪ੍ਰੇਮੀਆਂ ਨੇ ਹਿੱਸਾ ਲਿਆ। ਇਹ ਸਮਾਗਮ ਮਾਂ-ਬੋਲੀ ਦੇ ਨਾਲ ਨਾਲ ਭਾਰਤ ਵਿਚ ਚੱਲ ਰਹੇ ਕਿਸਾਨ ਮੋਰਚੇ ਨੂੰ ਵੀ ਸਮਰਪਿੱਤ ਹੋ ਨਿਬੜਿਆ। ਇਸ ਸਮਾਗਮ ਦਾ ਸੰਚਾਲਨ ਡਾਕਟਰ ਕਮਲਜੀਤ ਕੌਰ ਕੈਂਬੋ ਨੇ ਬਹੁਤ ਭਾਵਪੂਰਤ ਢੰਗ ਨਾਲ ਕੀਤਾ।



ਪ੍ਰੋਗਰਾਮ ਦੇ ਸ਼ੁਰੂ ਵਿਚ ਵੈਨਕੂਵਰ ਤੋਂ ਪੰਜਾਬੀ ਸਾਹਿਤ ਵਿਚ ਸਭ ਤੋਂ ਵੱਡਾ ਇਨਾਮ ਸਥਾਪਤ ਕਰਨ ਵਾਲੇ ਬਰਜਿੰਦਰ ਢਾਹਾਂ ਨੇ ਧਨੀ ਰਾਮ ਚਾਤ੍ਰਿਕ ਹੋਰਾਂ ਦੀ ਕਵਿਤਾ ਪੰਜਾਬੀ ਅਤੇ ਅੰਗ੍ਰੇਜ਼ੀ ਵਿਚ ਸੁਣਾਈ। ਪਲੀ ਮੈਂਬਰ ਅਤੇ ਪੰਜਾਬੀ ਅਧਿਆਪਕ ਹਰਮੋਹਨਜੀਤ ਸਿੰਘ ਪੰਧੇਰ ਨੇ ਸਵਾਗਤੀ ਭਾਸ਼ਣ ਵਿਚ ਪਲੀ ਦੀ ਸਥਾਪਨਾ ਦੀ ਲੋੜ ਅਤੇ ਇਸਦੇ ਕਾਰਜ ਖੇਤਰ ਬਾਰੇ ਗੱਲਬਾਤ ਕੀਤੀ। ਦੀਪਕ ਬਿਨਿੰਗ ਫਾਊਂਡੇਸ਼ਨ ਦੇ ਪ੍ਰਧਾਨ ਪਾਲ ਬਿਨਿੰਗ ਨੇ ਕਿਹਾ ਕਿ ਉਹ ਪਲੀ ਨਾਲ ਪਹਿਲੇ ਦਿਨ ਤੋਂ ਹੀ ਜੁੜੇ ਹੋਏ ਹਨ ਅਤੇ ਅਗਾਂਹ ਤੋਂ ਵੀ ਉਹ ਪਲੀ ਨੂੰ ਸਹਿਯੋਗ ਦਿੰਦੇ ਰਹਿਣਗੇ। ਕਵਾਂਟਲਿਨ ਪੌਲੀਟੈਕਨਿਕ ਯੂਨੀਵਰਸਿਟੀ ਤੋਂ ਸਟੀਵ ਲਾਰੇਨ ਨੇ ਆਪਣੇ ਅਦਾਰੇ ਵਲੋਂ ਪਲੀ ਨਾਲ ਮਿਲ ਕੇ ਪੰਜਾਬੀ ਪੜ੍ਹਾਈ ਦੇ ਵਿਕਾਸ ਵਿਚ ਬਣਦਾ ਯੋਗਦਾਨ ਪਾਉਂਦੇ ਰਹਿਣ ਦਾ ਭਰੋਸਾ ਦਿਵਾਇਆ।

ਪਲੀ ਦੇ ਪ੍ਰਧਾਨ ਬਲਵੰਤ ਸਿੰਘ ਸੰਘੇੜਾ ਨੇ ਬੀ ਸੀ ਦੇ ਸਕੂਲਾਂ, ਕਾਲਜਾਂ ਅਤੇ ਯੂਨੀਵਰਸਿਟੀਆਂ ਵਿਚ ਪੰਜਾਬੀ ਭਾਸ਼ਾ ਦੀ ਪੜ੍ਹਾਈ ਦੀ ਸਥਿਤੀ ਬਾਰੇ ਦੱਸਿਆ। ਉਨ੍ਹਾਂ ਨੇ ਖਾਸ ਕਰ ਸਰੀ ਵਸਦੇ ਪੰਜਾਬੀ ਮਾਪਿਆਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਬੱਚਿਆਂ ਨੂੰ ਗਰੇਡ ਪੰਜ ਵਿਚ ਪੰਜਾਬੀ ਜਮਾਤਾਂ ਵਿਚ ਜ਼ਰੂਰ ਦਾਖਲ ਕਰਵਾਉਣ। ਨਾਲ ਹੀ ਉਨ੍ਹਾਂ ਨੇ ਕਨੇਡਾ ਭਰ ਦੇ ਪੰਜਾਬੀਆਂ ਨੂੰ ਇਹ ਅਪੀਲ ਕੀਤੀ ਕਿ ਮਈ ਮਹੀਨੇ ਦੌਰਾਨ ਹੋਣ ਵਾਲੀ ਮਰਦਮਸ਼ੁਮਾਰੀ ਵਾਲੇ ਫਾਰਮਾਂ ਵਿਚ ਸਾਰੇ ਆਪਣੀ ਮਾਂ-ਬੋਲੀ ਪੰਜਾਬੀ ਭਰਨ। ਸਰੀ ਸਕੂਲ ਬੋਰਡ ਦੇ ਟਰੱਸਟੀ ਗੈਰੀ ਥਿੰਦ ਅਤੇ ਡਾਇਰੈਕਟਰ ਆਫ ਇੰਸਟਰੱਕਸ਼ਨਜ਼ ਸ਼ਾਨਾ ਰੌਸ ਨੇ ਵੀ ਆਪਣੇ ਭਾਸ਼ਣਾਂ ਵਿਚ ਭਰੋਸਾ ਦਿਵ-ਾਇਆ ਕਿ ਉਹ ਭਾਈਚਾਰੇ ਵਲੋਂ ਸਕੂਲਾਂ ਵਿਚ ਪੰਜਾਬੀ ਦੀ ਪੜ੍ਹਾਈ ਸਬੰਧੀ ਆਈ ਹਰ ਮੰਗ ਨੂੰ ਪੂਰੀ ਸੰਜੀਦਗੀ ਨਾਲ ਲੈਂਦੇ ਹਨ ਅਗਾਂਹ ਨੂੰ ਵੀ ਕੋਸ਼ਸ਼ ਕਰਦੇ ਰਹਿਣਗੇ ਕਿ ਸਕੂਲਾਂ ਵਿਚ ਪੰਜਾਬੀ ਦੀ ਪੜ੍ਹਾਈ ਠੀਕ ਠਾਕ ਚਲਦੀ ਰਹੇ। ਪਲੀ ਦੇ ਵਾਈਸ ਪ੍ਰੈਜ਼ੀਡੈਂਟ ਡਾਕਟਰ ਸਾਧੂ ਬਿਨਿੰਗ ਨੇ ਪੰਜਾਬ ਦੇ ਕਿਸਾਨਾਂ ਵਲੋਂ ਸ਼ੁਰੂ ਕੀਤੇ ਤੇ ਹੁਣ ਸਮੁੱਚੇ ਭਾਰਤ ਵਿਚ ਫੈਲੇ ਕਿਸਾਨ ਵਿਰੋਧੀ ਕਾਨੂੰਨਾਂ ਨੂੰ ਖਤਮ ਕਰਾਉਣ ਦੇ ਅੰਦੋਲਨ ਦੀ ਹਿਮਾਇਤ ਵਿਚ ਆਪਣੇ ਵਿਚਾਰ ਪੇਸ਼ ਕੀਤੇ। ਉਨ੍ਹਾਂ ਦੱਸਿਆ ਕਿ ਪਲੀ ਨੇ ਕਦੇ ਵੀ ਪੰਜਾਬੀ ਭਾਸ਼ਾ ਦੇ ਮਸਲਿਆਂ ਤੋਂ ਬਿਨਾਂ ਹੋਰ ਕਿਸੇ ਮਸਲੇ ਬਾਰੇ ਆਪਣੇ ਪ੍ਰੋਗਰਾਮਾਂ ਵਿਚ ਚਰਚਾ ਨਹੀਂ ਕੀਤੀ ਪਰ ਉਹ ਕਿਸਾਨਾਂ ਦੇ ਇਸ ਸੰਘਰਸ਼ ਦੀ ਹਿਮਾਇਤ ਕਰਨਾ ਬਹੁਤ ਜ਼ਰੂਰੀ ਸਮਝਦੇ ਹਨ ਕਿਉਂਕਿ ਇਹ ਸੰਘਰਸ਼ ਸਮੁੱਚੇ ਭਾਰਤੀ ਸਮਾਜ ਨੂੰ ਖੇਰੂੰ ਖੇਰੂੰ ਹੋਣ ਤੋਂ ਬਚਾਉਣ ਲਈ ਹੈ। ਕਨੇਡਾ ਵਿਚ ਪੰਜਾਬੀ ਦੇ ਭਵਿੱਖ ਬਾਰੇ ਉਨ੍ਹਾਂ ਕਿਹਾ ਕਿ



ਪੰਜਾਬੀ ਬੋਲੀ ਨੂੰ ਕਨੇਡਾ ਵਿਚ ਪੱਕੀ ਤਰ੍ਹਾਂ ਸਥਾਪਤ ਕਰਾਉਣ ਲਈ ਇਹ ਸੁਨਹਿਰੀ ਮੌਕਾ ਹੈ।

ਪਲੀ ਦੇ ਇਸ ਸਮਾਗਮ ਦੇ ਮੁੱਖ ਬੁਲਾਰੇ ਨੌਜਵਾਨ ਐਕਟੇਵਿਸਟ ਨਵਕਿਰਨ ਕੌਰ ਨੱਤ ਸਨ। ਉਹ ਅੰਦੋਲਨ ਦੇ ਸ਼ੁਰੂ ਤੋਂ ਹੀ ਇਸ ਨਾਲ ਜੁੜੇ ਹੋਏ ਹਨ ਅਤੇ ਟਰਾਲੀ ਟਾਈਮਜ਼ ਦੀ ਟੀਮ ਦੇ ਮੈਂਬਰ ਹਨ। ਉਹ ਦਿੱਲੀ ਦੀ ਸਰਹੱਦ 'ਤੇ ਕਿਸਾਨ ਮੋਰਚੇ ਤੋਂ ਇਸ ਸਮਾਗਮ ਵਿਚ ਸ਼ਾਮਿਲ ਹੋਏ। ਉਨ੍ਹਾਂ ਨੇ ਦੱਸਿਆ ਕਿ ਉਹ ਵਿਦਿਆਰਥੀ ਜੀਵਨ ਤੋਂ ਹੀ ਸਮਾਜਕ ਤੇ ਰਾਜਨੀਤਕ ਮੁੱਦਿਆਂ 'ਤੇ ਚੱਲੇ ਸੰਘਰਸ਼ਾਂ ਵਿਚ ਸਰਗਰਮ ਰਹੇ ਹਨ। ਉਨ੍ਹਾਂ ਨੇ ਵਿਸਥਾਰ ਵਿਚ ਕਿਸਾਨ ਵਿਰੋਧੀ ਕਾਨੂੰਨਾਂ ਨੂੰ ਰੱਦ ਕਰਾਉਣ ਲਈ ਚੱਲ ਰਹੇ ਇਸ ਵਿਸ਼ਾਲ ਅੰਦੋਲਨ ਦੇ ਵੱਖ ਵੱਖ ਪਹਿਲੂਆਂ ਬਾਰੇ ਚਰਚਾ ਕੀਤੀ। ਉਨ੍ਹਾਂ ਕਿਹਾ ਕਿ ਭਾਵੇਂ ਪੰਜਾਬ ਵਿਚ ਇਹ ਅੰਦੋਲਨ ਕਈ ਮਹੀਨੇ ਪਹਿਲਾਂ ਸੁਰੂ ਹੋ ਚੁੱਕਾ ਸੀ ਪਰ ਬਾਕੀ ਭਾਰਤ ਅਤੇ ਦੁਨੀਆ ਨੂੰ ਇਸ ਬਾਰੇ ਉਦੋਂ ਹੀ ਪਤਾ ਲੱਗਾ ਜਦੋਂ ਇਹ ਨਬੰਵਰ 26 ਨੂੰ ਦਿੱਲੀ ਦੀ ਸਰਹੱਦ 'ਤੇ ਆਇਆ। ਉਨ੍ਹਾਂ ਨੇ ਨੌਜਵਾਨਾਂ ਦੀ ਸ਼ਮੂਲੀਅਤ ਬਾਰੇ ਵਿਸ਼ੇਸ਼ ਕਰਕੇ ਚਰਚਾ ਕੀਤੀ। ਅੰਦੋਲਨ ਦੌਰਾਨ ਆ ਰਹੀਆਂ ਨਿੱਤ ਦੀਆਂ ਮੁਸ਼ਕਲਾਂ ਨਾਲ ਜੂਝਣ ਦੇ ਨਾਲ ਨਾਲ ਉੱਥੇ ਵਿਚਾਰ ਵਟਾਂਦਰੇ ਲਈ ਵਿਸ਼ੇਸ਼ ਸਥਾਨ ਅਤੇ ਪੜ੍ਹਨ ਲਈ ਲਾਇਬ੍ਰੇਰਿਆਂ ਸਥਾਪਤ ਕਰਨ ਬਾਰੇ ਦੱਸਿਆ। ਮੋਰਚੇ ਤੋਂ ਕੱਢੀ ਜਾ ਰਹੀ ਅਖਬਾਰ ਟਰਾਲੀ ਟਾਈਮਜ਼ ਬਾਰੇ ਅਤੇ ਟਰਾਲੀ ਟਾਕੀਜ਼ ਰਾਹੀਂ ਚੰਗੀਆਂ ਫਿਲਮਾਂ ਦਿਖਾਉਣ ਬਾਰੇ ਵੀ ਚਰਚਾ ਕੀਤੀ। ਨਵਕਿਰਨ ਨੇ ਭਰੋਸੇ ਨਾਲ ਕਿਹਾ ਕਿ ਇਸ ਅੰਦੋਲਨ ਦੀ ਰਾਜਸੀ ਜਿੱਤ ਤਾਂ ਹੋਵੇਗੀ ਹੀ ਨਾਲ ਨਾਲ ਇਹ ਅੰਦੋਲਨ ਪੰਜਾਬੀਆਂ ਦੇ ਚੰਗੇਰੇ ਭਵਿੱਖ ਲਈ ਨਵੀਆਂ ਤੇ ਨਿੱਗਰ ਜੀਵਨ ਜਾਚ ਦੀਆਂ ਨੀਹਾਂ ਵੀ ਰੱਖਕੇ ਜਾਵੇਗਾ। ਉਨ੍ਹਾਂ ਨੇ ਆਪਣੇ ਇਸਤਰੀਆਂ ਪਿੱਛੇ ਕੰਮ ਕਰਦੇ ਤਰਕ ਵੱਲ ਧਿਆਨ ਦਿਵਾਉਂਦਿਆ ਕਿਹਾ ਕਿ ਮੋਰਚੇ ਦੇ ਭਾਗੀਦਾਰਾਂ ਵਿੱਚ ਲਿੰਗ ਦੇ ਅਧਾਰ 'ਤੇ ਕੰਮ ਦੀਆਂ ਵੰਡੀਆਂ ਨਹੀਂ ਹਨ। ਉਨ੍ਹਾਂ ਨੇ ਆਪਣੀ ਗੱਲ ਨੂੰ ਉਦਾਹਰਣ ਨਾਲ ਸਪੱਸ਼ਟ ਕਰਦਿਆਂ ਕਿਹਾ ਕਿ ਆਦਮੀ ਖਾਣਾ ਬਣਾ ਰਹੇ ਹਨ ਤੇ ਔਰਤਾਂ ਵਿਚਾਰ ਵਿਟਾਂਦਰੇ ਵਿਚ ਭਾਗ ਲੈ ਰਹੀਆਂ ਹਨ। ਕਿਸਾਨ ਮੋਰਚੇ ਦੌਰਾਨ ਪੰਜਾਬੀ ਬੋਲੀ ਨੂੰ ਮਿਲ ਰਹੇ ਵਿਸ਼ੇਸ਼ ਸਥਾਨ ਬਾਰੇ ਵੀ ਉਨ੍ਹਾਂ ਗੱਲ ਕੀਤੀ ਅਤੇ ਕਿਹਾ ਕਿ ਪੰਜਾਬੀਆਂ ਦਾ ਆਪਣੀ ਮਾਂ-ਬੋਲੀ ਨਾਲ ਪੈਦਾ ਹੋ ਰਿਹਾ ਇਹ ਨੇੜੇ ਦਾ ਰਿਸ਼ਤਾ ਚਿਰ ਸਥਾਈ ਸਾਬਤ ਹੋਵ-ੇਗਾ।

ਇਸ ਸਮਾਗਮ ਦੌਰਾਨ ਸਰੀ ਅਤੇ ਕੈਲਗਰੀ ਸ਼ਹਿਰਾਂ ਵਿਚ ਪੰਜਾਬੀ ਪੜ੍ਹ ਰਹੇ ਬੱਚਿਆਂ ਵਲੋਂ ਮਾਂ-ਬੋਲੀ ਅਤੇ ਕਿਸਾਨ ਮੋਰਚੇ ਬਾਰੇ ਸੁਣਾਈਆਂ ਕਵਿਤਾਵਾਂ ਤੇ ਗੀਤਾਂ ਨੇ ਸ੍ਰੋਤਿਆਂ ਦਾ ਦਿਲ ਮੋਹ ਲਿਆ। ਇਨ੍ਹਾਂ ਗੀਤਾਂ ਵਿਚ ਸੰਤ ਰਾਮ ਉਦਾਸੀ ਦੇ ਗੀਤ ਅਤੇ ਪੱਗੜੀ ਸੰਭਾਲ ਜੱਟਾ ਨੇ ਖੂਬ ਰੰਗ ਬੰਨ੍ਹਿਆ ਅਤੇ ਸਭ ਨੂੰ ਸੰਘਰਸ਼ ਦੀ ਰੂਹ ਨਾਲ ਜੋੜ ਦਿੱਤਾ। ਕਨੇਡਾ ਵਿਚ ਪੰਜਾਬੀ ਦੇ ਭਵਿੱਖ ਦੀ ਸੋਹਣੀ ਤਸਵੀਰ ਪੇਸ਼ ਕਰਦੇ ਵੱਖ ਵੱਖ ਸਕੂਲਾਂ ਤੋਂ ਇਹ ਬੱਚੇ ਸਨ: ਮਹਿਕਪ੍ਰੀਤ ਕੌਰ ਧਾਲੀਵਾਲ ਤੇ ਸਹਿਜਪ੍ਰੀਤ ਕੌਰ ਧਾਲੀਵਾਲ; ਸੁਖਮਨ ਕੌਰ ਕੈਂਬੋ ਅਤੇ ਸਾਹਬ ਸਿੰਘ ਕੈਂਬੋ; ਨੰਨੀਆਂ ਬੱਚੀਆਂ ਪ੍ਰਭਜੀਤ ਕੌਰ ਅਤੇ ਜਪਜੀਤ ਕੌਰ ਝੱਜ;ਗੁਰਸਿਮਰਤ ਕੌਰ ਧਨੋਆ ਤੇ ਕੀਰਤ ਕੌਰ ਧਨੋਆ; ਸਫਲਸ਼ੇਰ ਮਾਲਵਾ ਅਤੇ ਪ੍ਰਭਰੂਪ ਸਿੰਘ ਮਾਂਗਟ। ਕਵੀ ਮੋਹਨ ਸਿੰਘ ਗਿੱਲ ਨੇ ਇਸ ਅੰਦੋਲਨ ਦੇ ਹੱਕ ਵਿੱਚ ਰੁਬਾਈ ਅਤੇ ਕਵਿਤਾ 'ਜਾਗੋ ਆਈ ਐ' ਵੀ ਪੇਸ਼ ਕੀਤੀ।

ਅੰਤ ਵਿਚ ਪਲੀ ਦੇ ਮੈਂਬਰਾਂਰਜਿੰਦਰ ਸਿੰਘ ਪੰਧੇਰ ਅਤੇ ਗੁਰਿੰਦਰ ਮਾਨ ਨੇ ਮਾਂ-ਬੋਲੀ ਦੀ ਮਹੱਤਤਾ ਬਾਰੇ ਆਪਣੇ ਵਿਚਾਰ ਸਾਂਝੇ ਕੀਤੇ ਅਤੇ ਪਲੀ ਦੀ ਸਰਗਰਮ ਨੌਜਵਾਨ ਮੈਂਬਰ ਦਇਆ ਜੌਹਲ ਨੇ ਹਾਜ਼ਰੀਨ ਦਾ ਧੰਨਵਾਦ ਕੀਤਾ।

# ਛੱਤਰੀ ਤੇ ਸਾਇਕਲ ਦੀ ਖਾਹਿਸ਼ ਨੂੰ ਯਾਦ ਕਰਦਿਆਂ...

ਆਮ ਕਹਾਵਤ ਹੈ ਜੀਵੇ ਆਸਾ, ਮਰੇ ਨਿਰਾਸਾ। ਆਸ ਨਾਲ ਹੀ ਇਨਸਾਨ ਮਿਹਨਤ ਕਰਦਾ ਹੈ। ਕਿਸੇ ਦੀ ਖਾਹਿਸ਼ ਛੋਟੀ ਹੁੰਦੀ ਹੈ, ਕਿਸੇ ਦੀ ਵੱਡੀ। ਅੱਜ ਤੋਂ ਪੰਜ-ਛੇ ਦਹਾਕੇ ਪਹਿਲਾਂ ਛੋਟੇ ਹੁੰਦਿਆਂ ਮੇਰੀ ਖਾਹਿਸ਼ ਹੁੰਦੀ ਸੀ ਛੱਤਰੀ ਤੇ ਸਾਇਕਲ। ਕਹਾਣੀ ਇਸ ਤਰ੍ਹਾਂ ਸੀ ਕਿ ਸਾਡੇ ਪਰਿਵਾਰ ਦਾ ਮੁੱਖ ਕਿੱਤਾ ਖੇਤੀਬਾੜੀ ਸੀ। ਇਸ ਕਰਕੇ ਮੈਨੂੰ ਪੜ੍ਹਾਈ ਕਰਨ ਦੇ ਨਾਲ-ਨਾਲ ਖੇਤੀ ਵਿੱਚ ਵੀ ਹੱਥ ਵਟਾਉਣਾ ਪੈਂਦਾ ਸੀ। ਖੇਤੀ ਦੇ ਕੰਮਾਂ 'ਚੋਂ ਮੱਝਾਂ ਚਾਰਨੀਆਂ, ਪਸ਼ੂਆਂ ਲਈ ਪੱਠੇ ਵੱਢਣੇ ਆਦਿ ਤਾਂ ਸੌਖੇ ਲੱਗਦੇ ਸੀ। ਪਰ ਚਾਰ-ਪੰਜ ਕੰਮ ਬੇਹੱਦ ਮੁਸ਼ਕਲ ਸਨ ।

ਸਭ ਤੋਂ ਔਖਾ ਕੰਮ ਸੀ ਛੁੱਟੀਆਂ ਦੌਰਾਨ 10-11 ਦਿਨ ਲਗਾਤਾਰ ਰੋਜ਼ਾਨਾ 9-10 ਘੰਟੇ ਕੜਕਦੀ ਧੁੱਪ ਵਿੱਚ ਦਾਤੀਆਂ ਨਾਲ ਕਣਕ (ਹਾੜੀ) ਵੱਢਣੀ। ਕਣਕ ਵੱਢਣ ਸਮੇਂ ਇੱਕ ਤਾਂ ਧੁੱਪ ਬੁਰਾ ਹਾਲ ਕਰਦੀ ਸੀ । ਦੂਜਾ ਜਿਹੜਾ ਮਿੱਟੀ-ਘੱਟਾ ਮੂੰਹ-ਗਰਦਨ 'ਤੇ ਪੈ ਜਾਂਦਾ ਸੀ, ਉਹ ਬਹੁਤ ਤੰਗ ਕਰਦਾ ਸੀ। ਘਰ ਤੋਂ ਦੂਰ ਖੇਤਾਂ ਵਿੱਚ ਕਣਕ ਵੱਢਦਿਆਂ ਪਾਣੀ ਪੀਣ ਨੂੰ ਵੀ ਤਰਸ ਜਾਈਦਾ ਸੀ। ਉਸ ਸਮੇਂ ਦੇ ਪ੍ਰਬੰਧਾਂ ਮੁਤਾਬਕ ਹਾੜੀ ਦੀ ਵਾਢੀ 'ਚ ਸਾਡੇ ਨੇੜੇ-ਤੇੜੇ ਜਮੀਨਾਂ ਵਾਲੇ 10-12 ਪਰਿਵਾਰਾਂ ਦੇ ਕਣਕ ਵੱਢਦੇ ਬੰਦਿਆਂ ਨੂੰ ਨਿਹਾਲੀ ਤਾਈ (ਝਿਉਰੀ) ਪਾਣੀ ਪਿਲਾਉਂਦੀ ਹੁੰਦੀ ਸੀ। ਉਸਨੇ ਸਿਰ 'ਤੇ ਪਾਣੀ ਦਾ ਘੜਾ ਰੱਖਿਆ ਹੁੰਦਾ ਸੀ। ਜਿੱਥੇ-ਜਿੱਥੇ ਵੀ ਕੋਈ ਕਣਕ ਵੱਢਦਾ ਹੁੰਦਾ ਸੀ ਉੱਥੇ ਹੀ ਖੇਤਾਂ ਵਿੱਚ ਜਾ ਕੇ ਪਾਣੀ ਪਿਲਾਈ ਜਾਂਦੀ ਸੀ। ਕਈ ਵਾਰ ਜਦੋਂ ਉਸ ਨੂੰ ਜ਼ਿਆਦਾ ਦੇਰ ਹੋ ਜਾਣੀ ਤਾਂ ਪਿਆਸ ਨਾਲ ਮੂੰਹ ਸੁੱਕਣ ਲੱਗ ਜਾਣਾ। ਫਿਰ ਉੱਠ-ਉੱਠ ਕੇ ਦੇਖਣਾ ਕਿ ਘੜੇ ਵਾਲੀ ਤਾਈ ਕਿੱਥੇ ਕੁ ਆ ਰਹੀ ਹੈ।



ਡਾ. ਨੌਰੰਗ ਸਿੰਘ ਮਾਂਗਟ

ਦੂਜਾ ਸਖ਼ਤ ਕੰਮ ਸੀ ਜੇਠ-ਹਾੜ (ਮਈ-ਜੂਨ) ਦੇ ਮਹੀਨੇ ਕਣਕ ਦੀ ਗਹਾਈ ਲਈ ਫਲ੍ਹਾ ਹੱਕਣਾ ਅਤੇ ਫਿਰ ਮਸ਼ੀਨੀ ਯੁੱਗ ਆਉਣ ਤੋਂ ਬਾਅਦ ਕਣਕ ਕੱਢਣ ਲਈ ਥਰੈਸ਼ਰ ਤੇ ਕੰਮ ਕਰਨਾ । ਤੀਜਾ ਔਖਾ ਕੰਮ ਸੀ ਗਰਮੀਆਂ ਵਿੱਚ ਪਿੰਡ ਦੀਆਂ ਰੂੜੀਆਂ 'ਚੋਂ ਪਸ਼ੂਆਂ ਦੇ ਗਲ਼ੇ-ਸੜੇ ਗੋਹੇ ਦੀ ਖਾਦ ਲਿਜਾ ਕੇ ਖੇਤਾਂ ਵਿੱਚ ਪਾਉਣੀ । ਚੌਥਾ ਕਰੜਾ ਕੰਮ ਸੀ ਸਾਉਣ- ਭਾਦੋਂ ਦੀ ਧੁੱਪ ਵਿੱਚ ਮੱਕੀ, ਕਪਾਹ ਅਤੇ ਕਮਾਦ ਦੀ ਗੁਡਾਈ ਕਰਨੀ । ਪੰਜਵਾਂ ਅਤੀ ਕਠਿਨ ਕੰਮ ਸੀ ਸਉਣ-ਭਾਦੋਂ 'ਚ ਮੱਕੀ ਤੇ ਕਪਾਹ 'ਚੋਂ ਕੱਖ ਕੱਢਣੇ । ਅਜਿਹੇ ਔਖੇ ਕੰਮ ਕਰਦਿਆਂ ਪਸੀਨੇ ਨਾਲ ਭਿੱਜੇ ਨੂੰ ਇਹ ਪੰਕਤੀਆ ਅਕਸਰ ਹੀ ਯਾਦ ਆਉਂਦੀਆਂ: ''ਜੱਟਾ ਤੇਰੀ ਜੂਨ ਬੁਰੀ, ਹਲ ਛੱਡ ਕੇ ਚਰ੍ਹੀ ਨੂੰ ਜਾਵੇਂ'' ਅਤੇ ''ਭਾਦੋਂ ਦਾ ਭਜਾਇਆ ਜੱਟ ਸਾਧ ਹੋ ਗਿਆ''। ਇਸ ਧੁੱਪ ਤੇ ਗਰਮੀ ਦੇ ਸਤਾਏ ਹੋਏ ਨੇ ਮੈਂ ਵੀ ਪ੍ਰਮਾਤਮਾ ਅੱਗੇ ਅਕਸਰ ਅਰਦਾਸ ਕਰਨੀ ਕਿ ਹੇ ਮਾਲਕ ਇਸ ਜੂਨ 'ਚੋਂ ਕੱਢ ਕੇ ਕੋਈ ਸੌਖਾ ਕੰਮ ਦੇ ਦੇ। ਅੱਗ ਵਰ੍ਹਦੀ ਧੁੱਪ ਵਿੱਚ ਖੇਤਾਂ 'ਚ ਕੰਮ ਕਰਦਿਆਂ ਜਦੋਂ ਕਿਸੇ ਪੜ੍ਹੇ-ਲਿਖੇ ਜਾਂ ਹੋਰ ਦਾਨੇ ਪੁਰਸ਼ ਨੂੰ ਸਾਇਕਲ 'ਤੇ ਜਾਂ ਧੁੱਪ ਤੋਂ ਬਚਣ ਲਈ ਛੱਤਰੀ ਲੈ ਕੇ ਜਾਂਦਿਆਂ ਵੇਖਣਾ ਤਾਂ ਮਨ ਵਿੱਚ ਇੱਛਾ ਪੈਦਾ ਹੋਣੀ ਕਿ ਕੀ ਮੇਰੇ ਕੋਲ ਵੀ ਕਦੇ ਇਸ ਤਰ੍ਹਾਂ ਸਾਇਕਲ, ਛੱਤਰੀ ਹੋਣਗੇ? ਕੀ ਮੇਰੀ ਭਵਿੱਖਤ ਜ਼ਿੰਦਗੀ ਵੀ ਇਹਨਾਂ ਦਾਨੇ ਵਿਅਕਤੀਆਂ ਵਰਗੀ ਅਰਾਮਦਾਇਕ ਹੋਵੇਗੀ? ਉਸ ਸਮੇਂ ਛੱਤਰੀ ਦੀ ਕੀਮਤ ਤਕਰੀਬਨ ਪੰਜ-ਛੇ ਰੁਪਏ, ਨਵੇਂ ਸਾਇਕਲ ਦੀ ਕੀਮਤ ਡੇਢ ਕੁ ਸੌ ਰੁਪਏ ਅਤੇ ਪੁਰਾਣੇ ਦੀ 60-70 ਰੁਪਏ ਹੁੰਦੀ ਸੀ। ਬੇਸ਼ੱਕ ਸਮੇਂ ਦੇ ਨਾਲ ਐਮ.ਐਸਸੀ., ਪੀਐਚ.ਡੀ. ਕਰਨ ਤੋਂ ਬਾਅਦ ਪੀ. ਏ. ਯੂ ਲੁਧਿਆਣਾ ਅਤੇ ਉਸ ਤੋਂ ਬਾਅਦ ਕੈਨੇਡਾ ਵਿੱਚ ਪ੍ਰੋਫਓਮਪ;ਸਰ-ਸਾਇੰਸਦਾਨ ਦੀ ਨੌਕਰੀ ਕਰਦਿਆਂ ਖਾਹਿਸ਼ਾਂ ਵੀ ਬਦਲਦੀਆਂ ਗਈਆਂ। ਪਰ ਛੋਟੇ ਹੁੰਦਿਆਂ ਧੁੱਪੇ ਖੇਤਾਂ 'ਚ ਕੰਮ ਕਰਨ ਵੇਲੇ ਮਨ ਚ' ਉੱਠਦੀ ਛੱਤਰੀ ਤੇ ਸਾਇਕਲ ਦੀ ਖਾਹਿਸ਼ ਅੱਜ ਵੀ ਮੇਰੇ ਜਿਹਨ ਵਿੱਚ ਜਿਉਂ ਦੀ ਤਿਉਂ ਤਾਜਾ ਹੈ।

*(ਡਾ. ਨੌਰੰਗ ਸਿੰਘ ਮਾਂਗਟ: ਗੁਰੂ ਅਮਰ ਦਾਸ ਅਪਾਹਜ ਆਸ਼ਰਮ, ਸਰਾਭਾ)*
*ਇੰਡੀਆ:95018-42506, ਕੈਨੇਡਾ: 403-401-8787*

## ਹਲਕਾ ਫੁਲਕਾ



ਪਤੀ, ''ਤੇਰੀਆਂ ਰੋਜ਼-ਰੋਜ਼ ਦੀਆਂ ਫਰਮਾਇਸ਼ਾਂ ਤੋਂ ਪ੍ਰੇਸ਼ਾਨ ਹੋ ਕੇ ਮੈਂ ਆਤਮਹੱਤਿਆ ਨਾ ਕਰ ਲਵਾਂ।''
ਪਤਨੀ, ''ਤੁਸੀਂ ਵੀ ਨਾ ਰੁਆ ਕੇ ਹੀ ਮੰਨੋਗੇ। ਚਲੋ ਇੱਕ ਚੰਗੀ ਜਿਹੀ ਚਿੱਟੀ ਸਾੜ੍ਹੀ ਦਿਵਾ ਦਿਓ ਬੱਸ, ਨਹੀਂ ਤਾਂ ਤੇਰ੍ਹਵੇਂ ਉੱਤੇ ਕੀ ਪਹਿਨਾਂਗੀ।''

*********

ਪਤਨੀ, ''ਜਦੋਂ ਮੈਂ ਪਿਆਨੋ ਵਜਾ ਰਹੀ ਸੀ ਤਾਂ ਕਿਸੇ ਨੇ ਮੇਰੇ ਵੱਲ ਇੱਕ ਜੁੱਤੀ ਸੁੱਟੀ।''
ਪਤੀ, ''ਓਹ! ਤੂੰ ਇੱਕ ਗਾਣਾ ਹੋਰ ਗਾ, ਸ਼ਾਇਦ ਉਹ ਦੂਜੀ ਜੁੱਤੀ ਵੀ ਸੁੱਟ ਦੇਵੇ। ਘੱਟੋ-ਘੱਟ ਮੁਫਤ ਵਿੱਚ ਇੱਕ ਜੋੜੀ ਜੁੱਤੀਆਂ ਤਾਂ ਮਿਲ ਜਾਣਗੀਆਂ।''

*********

ਪਤਨੀ, ''ਤੁਸੀਂ ਹਰ ਗੱਲ ਵਿੱਚ ਮੇਰੇ ਪੇਕੇ ਵਾਲਿਆਂ ਨੂੰ ਵਿੱਚ ਕਿਉਂ ਲਿਆਉਂਦੇ ਹੋ? ਜੋ ਬੋਲਣਾ ਹੋਵੇ ਸਿੱਧਾ, ਮੈਨੂੰ ਹੀ ਕਿਹਾ ਕਰੋ।''
ਪਤੀ, ''ਦੇਖੋ, ਜਦੋਂ ਟੀ ਵੀ ਵਿੱਚ ਕੋਈ ਨੁਕਸ ਪੈਂਦਾ ਹੈ ਤਾਂ ਕੋਈ ਟੀ ਵੀ ਨੂੰ ਥੋੜ੍ਹਾ ਬੋਲਦਾ ਹੈ, ਗਾਲ੍ਹਾਂ ਤਾਂ ਕੰਪਨੀ ਵਾਲੇ ਹੀ ਖਾਂਦੇ ਹਨ ਨਾ।''




# ਭ੍ਰਿਸ਼ਟ ਅਧਿਕਾਰੀ ਖਿਲਾਫ ਜਾਂਚ ਲਈ ਸਬੰਧਤ ਅਥਾਰਟੀ ਦੀ ਮਨਜ਼ੂਰੀ ਲੈਣੀ ਜ਼ਰੂਰੀ ਨਹੀਂ

* ਪੰਜ ਅਧਿਕਾਰੀਆਂ ਦੀ ਪੇਸ਼ਗੀ ਜ਼ਮਾਨਤ ਦੀ ਅਰਜ਼ੀ ਰੱਦ

ਚੰਡੀਗੜ੍ਹ, 23 ਫਰਵਰੀ (ਪੋਸਟ ਬਿਊਰੋ)- ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਸਾਫ ਕੀਤਾ ਹੈ ਕਿ ਸੈਕਸ਼ਨ 17 ਦੇ ਤਹਿਤ ਕਿਸੇ ਅਧਿਕਾਰੀ ਦੇ ਖਿਲਾਫ ਕਾਰਵਾਈ ਕਰਨ ਲਈ ਸਬੰਧਤ ਅਥਾਰਟੀ ਤੋਂ ਇਜਾਜ਼ਤ ਲੈਣ ਦੀ ਤਜਵੀਜ਼ ਸਿਰਫ ਸਰਕਾਰੀ ਅਧਿਕਾਰੀ ਨੂੰ ਉਸ ਵੱਲੋਂ ਕੀਤੇ ਇਮਾਨਦਾਰੀ ਵਾਲੇ ਕੰਮਾਂ ਨੂੰ ਸੁਰੱਖਿਆ ਦੇਣ ਲਈ ਹੈ, ਭ੍ਰਿਸ਼ਟ ਅਧਿਕਾਰੀ ਨੂੰ ਬਚਾਉਣ ਲਈ ਨਹੀਂ ਹੁੰਦੀ। ਹਾਈ ਕੋਰਟ ਦੀ ਜਸਟਿਸ ਜੈਸ੍ਰੀ ਠਾਕੁਰ ਨੇ ਇਹ ਫੈਸਲਾ ਪੰਜਾਬ ਵਿੱਚ ਕਰੋੜਾਂ ਰੁਪਏ ਦੀ ਟੈਕਸ ਚੋਰੀ ਦੇ ਦੋਸ਼ਾਂ ਦਾ ਸਾਹਮਣਾ ਕਰ ਰਹੇ ਪਿਆਰਾ ਸਿੰਘ ਸਮੇਤ ਪੰਜ ਅਧਿਕਾਰੀਆਂ ਦੀ ਅਗਾਊਂ ਜ਼ਮਾਨਤ ਦੀ ਅਰਜ਼ੀ ਨੂੰ ਰੱਦ ਕਰਦੇ ਹੋਏ ਸੁਣਾਇਆ ਹੈ, ਜਿਸ ਦੇ ਬਾਅਦ ਉਨ੍ਹਾਂ ਦੀਆਂ ਮੁਸ਼ਕਲਾਂ ਵਧ ਗਈਆਂ ਹਨ।




ਇਸ ਕੇਸ ਵਿੱਚ ਹਾਈ ਕੋਰਟ ਨੇ ਕਿਹਾ ਕਿ ਇਨ੍ਹਾਂ ਦੀ ਕਸਟੋਡੀਅਲ ਇੰਟੈਰੋਗੇਸ਼ਨ ਬੇਹੱਦ ਜ਼ਰੂਰੀ ਹੈ ਤਾਂ ਕਿ ਇਸ ਪੂਰੇ ਰੈਕੇਟ ਦਾ ਪਤਾ ਲਾਇਆ ਜਾ ਸਕੇ। ਹਾਈ ਕੋਰਟ ਨੇ ਇਨ੍ਹਾਂ ਅਫਸਰਾਂ ਦੀ ਇਸ ਦਲੀਲ ਰੱਦ ਕਰ ਦਿੱਤੀ ਕਿ ਉਨ੍ਹਾਂ ਦੇ ਖਿਲਾਫ ਜਾਂਚ ਤੇ ਕਾਰਵਾਈ ਤੋਂ ਪਹਿਲਾਂ ਸੈਕਸ਼ਨ 17 ਏ ਤਹਿਤ ਸਬੰਧਤ ਅਥਾਰਟੀ ਤੋਂ ਇਜਾਜ਼ਤ ਨਹੀਂ ਲਈ। ਅਦਾਲਤ ਨੇ ਕਿਹਾ ਕਿ ਅਜਿਹੇ ਕੇਸਾਂ ਵਿੱਚ ਸੈਕਸ਼ਨ 17 ਏ ਲਾਗੂ ਨਹੀਂ ਹੁੰਦਾ। ਜੱਜ ਨੇ ਕਿਹਾ ਕਿ ਜੇ ਅਧਿਕਾਰੀ ਅਪਰਾਧਕ ਕੰਮਾਂ ਵਿੱਚ ਸ਼ਾਮਲ ਹੁੰਦਾ ਹੈ ਤਾਂ ਉਸ ਦੇ ਖਿਲਾਫ ਪੁੱਛਗਿੱਛ ਅਤੇ ਜਾਂਚ ਲਈ ਕਿਸੇ ਤਰ੍ਹਾਂ ਦੀ ਅਗਾਊਂ ਇਜਾਜ਼ਤ ਲੈਣੀ ਲਾਜ਼ਮੀ ਨਹੀਂ। ਹਾਈ ਕੋਰਟ ਨੇ ਕਿਹਾ ਕਿ ਇਸ ਕੇਸ ਦੇ ਦੋਸ਼ੀ ਅਫਸਰਾਂ ਦੀ ਕਸਟੋਡੀਅਲ ਇੰਟੈਰੋਗੇਸ਼ਨ ਜ਼ਰੂਰੀ ਹੈ ਤਾਂ ਕਿ ਪਤਾ ਲਾਇਆ ਜਾ ਸਕੇ ਕਿ ਇਨ੍ਹਾਂ ਦੋਸ਼ੀਆਂ ਅਤੇ ਵਿਚੋਲਿਆਂ ਦੀ ਕੀ ਮਿਲੀਭੁਗਤ ਸੀ ਅਤੇ ਇਹ ਕਿੰਨਾ ਵੱਡਾ ਘੁਟਾਲਾ ਹੈ ਅਤੇ ਦੋਸ਼ੀ ਬੇਹੱਦ ਪ੍ਰਭਾਵਸ਼ਾਲੀ ਹਨ, ਜੇ ਇਨ੍ਹਾਂ ਨੂੰ ਜ਼ਮਾਨਤ ਦੇ ਦਿੱਤੀ ਗਈ ਤਾਂ ਇਹ ਜਾਂਚ ਨੂੰ ਪ੍ਰਭਾਵਤ ਕਰ ਸਕਦੇ ਹਨ।

ਵਰਨਣ ਯੋਗ ਹੈ ਕਿ ਪਿਛਲੇ ਸਾਲ 21 ਅਗਸਤ ਨੂੰ ਐਕਸਾਈਜ਼ ਐਂਡ ਟੈਕਸਟੇਸ਼ਨ ਵਿਭਾਗ ਦੇ 12 ਅਧਿਕਾਰੀਆਂ ਅਤੇ ਚਾਰ ਹੋਰਨਾਂ ਦੇ ਖਿਲਾਫ ਵਿਜੀਲੈਂਸ ਬਿਊਰੋ ਮੋਹਾਲੀ ਵਿੱਚ ਕੇਸ ਦਰਜ ਕੀਤਾ ਗਿਆ ਸੀ। ਇਨ੍ਹਾਂ ਸਾਰਿਆਂ ਉਤੇ ਦੋਸ਼ ਸੀ ਕਿ ਉਨ੍ਹਾਂ ਨੇ ਨਿੱਜੀ ਟਰਾਂਸਪੋਰਟਰਾਂ ਨਾਲ ਮਿਲ ਕੇ ਵੱਡੇ ਪੱਧਰ 'ਤੇ ਟੈਕਸ ਚੋਰੀ ਕੀਤੀ ਤੇ ਸਰਕਾਰੀ ਖਜ਼ਾਨੇ ਨੂੰ ਕਰੋੜਾਂ ਰੁਪਏ ਦਾ ਨੁਕਸਾਨ ਪੁਚ-ਾਇਆ ਹੈ। ਇਸ ਕੇਸ ਵਿੱਚ ਇਨ੍ਹਾਂ ਨੇ ਹਾਈ ਕੋਰਟ ਵਿੱਚ ਅਗਾਊਂ ਜ਼ਮਾਨਤ ਦੀ ਅਰਜ਼ੀ ਦਿੱਤੀ ਸੀ, ਜਿਸ ਦੇ ਜਵਾਬ ਵਿੱਚ ਪੰਜਾਬ ਸਰਕਾਰ ਨੇ ਇਨ੍ਹਾਂ ਦੀਆਂ ਜ਼ਮਾਨਤ ਅਰਜ਼ੀਆਂ ਦਾ ਵਿਰੋਧ ਕਰਦੇ ਹੋਏ ਕਿਹਾ ਸੀ ਕਿ ਇਨ੍ਹਾਂ ਦੇ ਖਿਲਾਫ ਵਿਜੀਲੈਂਸ ਕੋਲ ਪੱਕੇ ਸਬੂਤ ਹਨ ਅਤੇ ਉਨ੍ਹਾਂ ਨੂੰ ਸੈਕਸ਼ਨ 17 ਏ ਤਹਿਤ ਰਾਹਤ ਨਹੀਂ ਮਿਲ ਸਕਦੀ।

# ਸ਼ਹਿਰੀ ਚੋਣਾਂ ਦੇ ਨਤੀਜਿਆਂ ਮਗਰੋਂ ਭਾਜਪਾ ਮਜ਼ਾਕ ਦਾ ਪਾਤਰ ਬਣੀ

* ਪਾਤੜਾਂ ਵਿੱਚ ਨੌਂ ਉਮੀਦਵਾਰਾਂ ਨੂੰ ਕੁੱਲ ਮਿਲਾ ਕੇ 36 ਵੋਟਾਂ ਪਈਆਂ

ਪਾਤੜਾਂ, 23 ਫਰਵਰੀ (ਪੋਸਟ ਬਿਊਰੋ)- ਭਾਰਤ ਸਰਕਾਰ ਦੇ ਤਿੰਨ ਖੇਤੀ ਕਾਨੂੰਨਾਂ ਖਿਲਾਫ ਚੱਲਦੇ ਕਿਸਾਨ ਸੰਘਰਸ਼ ਦਾ ਪਰਛਾਵਾਂ ਪੰਜਾਬ ਵਿੱਚ ਸਥਾਨਕ ਸਰਕਾਰਾਂ ਦੀਆਂ ਚੋਣਾਂ ਉਤੇ ਪਿਆ ਅਤੇ ਕੇਂਦਰ ਸਰਕਾਰ ਚਾਲ ਰਹੀ ਭਾਜਪਾ ਨੂੰ ਸ਼ਹਿਰਾਂ ਦੇ ਲੋਕਾਂ ਨੇ ਨਕਾਰ ਦਿੱਤਾ ਹੈ। ਇਨ੍ਹਾਂ ਸ਼ਹਿਰੀ ਚੋਣਾਂ ਦੌਰਾਨ ਭਾਜਪਾ ਨੂੰ ਨਾ ਸਿਰਫ ਸ਼ਰਮਨਾਕ ਹਾਰ ਦਾ ਸਾਹਮਣਾ ਕਰਨਾ ਪਿਆ, ਸਗੋਂ ਮਜ਼ਾਕ ਦਾ ਪਾਤਰ ਵੀ ਬਣਨਾ ਪਿਆ ਹੈ।



ਨਗਰ ਕੌਂਸਲ ਪਾਤੜਾਂ ਦੀਆਂ ਚੋਣਾਂ ਵਿੱਚ ਭਾਜਪਾ ਵੱਲੋਂ ਆਪਣੇ ਚੋਣ ਨਿਸ਼ਾਨ 'ਕਮਲ ਦਾ ਫੁੱਲ' ਉਤੇ ਚੋਣ ਮੈਦਾਨ ਵਿੱਚ ਉਤਾਰੇ ਨੌਂ ਉਮੀਦਵਾਰਾਂ ਨੂੰ ਕੁੱਲ ਮਿਲਾ ਕੇ ਮਸਾਂ 36 ਵੋਟਾਂ ਮਿਲੀਆਂ ਅਤੇ ਦਸ ਉਮੀਦਵਾਰਾਂ ਨੇ ਮਿਲ ਕੇ ਵੀ ਅਰਧ ਸੈਂਕੜਾ ਪਾਰ ਨਹੀਂ ਕੀਤਾ। ਚੋਣ ਕਮਿਸ਼ਨ ਦੇ ਅੰਕੜਿਆਂ ਅਨੁਸਾਰ ਨਗਰ ਕੌਂਸਲ ਪਾਤੜਾਂ ਦੀਆਂ ਚੋਣਾਂ ਲਈ ਭਾਜਪਾ ਨੇ ਗਿਆਰਾਂ ਵਾਰਡਾਂ ਤੋਂ ਉਮੀਦਵਾਰ ਚੋਣ ਖੜੇ ਕੀਤੇ ਸਨ। ਵਾਰਡ ਨੰਬਰ ਨੌਂ ਦੇ ਉਮੀਦਵਾਰ ਵਿਜੈ ਕੁਮਾਰ ਤੇ ਵਾਰਡ ਨੰਬਰ ਸੱਤ ਤੋਂ ਉਮੀਦਵਾਰ ਅਨੁਰਾਧਾ ਨੂੰ ਛੱਡ ਕੇ ਕੋਈ ਵੀ ਉਮੀਦਵਾਰ ਦਹਾਈ ਦਾ ਅੰਕੜਾ ਨਹੀਂ ਛੂਹ ਸਕਿਆ। ਭਾਜਪਾ ਦੇ ਉਮੀਦਵਾਰਾਂ ਵਿੱਚੋਂ ਵਾਰਡ ਤਿੰਨ ਤੋਂ ਉਮੀਦਵਾਰ ਸੋਨੀਆ ਨੂੰ ਛੇ, ਚਾਰ ਵਾਰਡ ਤੋਂ ਸੋਹਣ ਲਾਲ ਨੂੰ ਸਿਰਫ ਆਪਣੀ ਇੱਕ ਵੋਟ, ਵਾਰਡ ਨੰਬਰ ਪੰਜ ਤੋਂ ਰਾਜਵਿੰਦਰ ਕੌਰ ਰਾਣੀ ਨੂੰ ਦੋ, ਵਾਰਡ ਨੰਬਰ ਛੇ ਤੋਂ ਸੁਭਾਸ਼ ਚੰਦਰ ਨੂੰ ਤਿੰਨ, ਵਾਰਡ ਨੰਬਰ ਦਸ ਤੋਂ ਰਾਜ ਰਿਸ਼ੀ ਮਾਂਜੂ ਨੂੰ ਚਾਰ, ਵਾਰਡ ਨੰਬਰ 12 ਤੋਂ ਕ੍ਰਿਸ਼ਨ ਅਡਵਾਨੀ ਨੂੰ ਪੰਜ, ਵਾਰਡ ਨੰਬਰ 14 ਤੋਂ ਲਾਲ ਚੰਦ ਲਾਲੀ ਨੂੰ ਸੱਤ, ਵਾਰਡ ਨੰਬਰ 17 ਤੋਂ ਭਾਜਪਾ ਦੀ ਉਮੀਦਵਾਰ ਰੇਖਾ ਰਾਣੀ ਨੂੰ ਸਿਰਫ ਚਾਰ ਵੋਟਾਂ ਪਈਆਂ ਹਨ।

# ਜਾਗੋ ਵਿੱਚ ਫਾਇਰਿੰਗ ਕਰਨ ਤੋਂ ਰੋਕਿਆ ਤਾਂ ਸਾਬਕਾ ਪੰਚ ਨੂੰ ਗੋਲੀਆਂ ਮਾਰ ਦਿੱਤੀਆਂ



ਸੰਗਰੂਰ, 23 ਫਰਵਰੀ (ਪੋਸਟ ਬਿਊਰੋ)- ਨੇੜਲੇ ਪਿੰਡ ਖੜਿਆਲ ਵਿੱਚ ਵਿਆਹ ਸਮਾਗਮ ਦੌਰਾਨ ਜਾਗੋ ਵਿੱਚ ਨਸ਼ੇ 'ਚ ਫਾਇਰਿੰਗ ਕਰ ਰਹੇ ਭਗਵੰਤ ਸਿੰਘ ਉਪਲ ਨੂੰ ਸਾਬਕਾ ਪੰਚ ਬਜ਼ੁਰਗ ਗੁਰਜੰਟ ਸਿੰਘ ਨੇ ਰੋਕਿਆ ਤਾਂ ਉਸ ਨੇ ਲਾਇਸੈਂਸੀ ਰਿਵਾਲਵਰ ਵਿੱਚੋਂ ਫਾਇਰਿੰਗ ਕਰ ਦਿੱਤੀ। ਦੋਸ਼ੀ ਨੇ ਸਾਹਮਣੇ ਤੋਂ ਪੇਟ ਵਿੱਚ ਗੋਲੀਆਂ ਮਾਰੀਆਂ। ਗੰਭੀਰ ਜ਼ਖਮੀ ਸਾਬਕਾ ਪੰਚ ਨੂੰ ਡੀ ਐਮ ਸੀ ਲੁਧਿਆਣਾ ਵਿੱਚ ਭਰਤੀ ਕਰਵਾਇਆ ਗਿਆ ਹੈ।

ਮਿਲੀ ਜਾਣਕਾਰੀ ਅਨੁਸਾਰ ਕੱਲ੍ਹ ਨੇੜਲੇ ਪਿੰਡ ਖੜਿਆਲ ਵਿੱਚ ਗਿਆਨ ਸਿੰਘ ਦੇ ਬੇਟੇ ਹਰਜਸ਼ਨਪ੍ਰੀਤ ਸਿੰਘ ਦੇ ਵਿਆਹ ਤੋਂ ਇੱਕ ਦਿਨ ਪਹਿਲਾਂ ਲੇਡੀ ਸੰਗੀਤ ਅਤੇ ਜਾਗੋ ਸਮਾਗਮ ਚੱਲ ਰਿਹਾ ਸੀ। ਰਿਸ਼ਤੇਦਾਰ ਔਰਤਾਂ ਅਤੇ ਪਰਵਾਰਕ ਜੀਅ ਰਾਤ ਵੇਲੇ ਪਿੰਡ ਵਿੱਚ ਜਾਗੋ ਕੱਢ ਰਹੇ ਸਨ। ਸਮਾਗਮ ਵਿੱਚ ਪਿੰਡ ਦੇ ਸਾਬਕਾ ਪੰਚ ਅਤੇ ਭਾਰਤੀ ਕਿਸਾਨ ਯੂਨੀਅਨ ਸਿੱਧੂਪੁਰ ਦੇ ਪ੍ਰਧਾਨ ਗੁਰਜੰਟ ਸਿੰਘ ਤੇ ਹੋਰ ਲੋਕ ਸ਼ਾਮਲ ਸਨ। ਇਸੇ ਦੌਰਾਨ ਸੁਨਾਮ ਤੋਂ ਆਇਆ ਭਗਵੰਤ ਸਿੰਘ ਉਪਲ ਆਪਣੀ ਲਾਇਸੈਂਸੀ ਰਿਵਾਲਵਰ 'ਚੋਂ ਫਾਇਰਿੰਗ ਕਰਨ ਲੱਗ ਪਿਆ। ਗੁਰਜੰਟ ਸਿੰਘ ਨੇ ਉਸ ਨੂੰ ਏਦਾਂ ਕਰਨ ਤੋਂ ਰੋਕਿਆ ਅਤੇ ਕਿਹਾ ਕਿ ਉਨ੍ਹਾਂ ਦੇ ਪਿੰਡ ਵਿੱਚ ਵਿਆਹ 'ਤੇ ਫਾਇਰਿੰਗ ਕਰਨ ਦਾ ਰਿਵਾਜ਼ ਨਹੀਂ ਹੈ। ਇਸੇ ਤੋਂ ਭੜਕੇ ਭਗਵੰਤ ਨੇ ਗੁਰਜੰਟ ਸਿੰਘ 'ਤੇ ਫਾਇਰਿੰਗ ਕਰ ਦਿੱਤੀ। ਉਸ ਨੂੰ ਸੁਨਾਮ ਹਸਪਤਾਲ ਲਿਜਾਇਆ ਗਿਆ, ਪਰ ਹਾਲਤ ਗੰਭੀਰ ਹੋਣ ਦੇ ਕਾਰਨ ਡੀ ਐਮ ਸੀ ਲੁਧਿਆਣਾ ਰੈਫਰ ਕਰ ਦਿੱਤਾ। ਉਥੇ ਵੀ ਹਾਲਤ ਗੰਭੀਰ ਹੈ।

ਪੰਚ ਗੁਰਜੰਟ ਸਿੰਘ ਦੇ ਭਰਾ ਗੁਰਮੇਲ ਸਿੰਘ ਨੇ ਦੱਸਿਆ ਕਿ ਭਗਵੰਤ ਸਿੰਘ ਜਦ ਫਾਇਰਿੰਗ ਕਰ ਰਿਹਾ ਸੀ ਤਾਂ ਉਹ ਨਸ਼ੇ ਵਿੱਚ ਟੱਲੀ ਸੀ। ਫਾਇਰਿੰਗ ਕਰਨ ਤੋਂ ਰੋਕਣ 'ਤੇ ਉਹ ਭੜਕ ਗਿਆ। ਕੇਸ ਦੇ ਜਾਂਚ ਅਧਿਕਾਰੀ ਨਰਿੰਦਰ ਸਿੰਘ ਨੇ ਕਿਹਾ ਕਿ ਭਗਵੰਤ ਨੇ ਗੁਰਜੰਟ ਸਿੰਘ 'ਤੇ ਸਾਹਮਣੇ ਤੋਂ ਗੋਲੀ ਮਾਰੀ, ਜੋ ਉਸ ਦੇ ਪੇਟ ਵਿੱਚ ਲੱਗੀ ਹੈ। ਥਾਣਾ ਛਾਜਲੀ ਦੇ ਇੰਚਾਰਜ ਗਗਨਦੀਪ ਸਿੰਘ ਨੇ ਦੱਸਿਆ ਕਿ ਪੁਲਸ ਨੇ ਦੋਸ਼ੀ ਭਗਵੰਤ ਸਿੰਘ ਦੇ ਖਿਲਾਫ ਧਾਰਾ 307, 336 ਤੇ ਅਸਲਾ ਐਕਟ ਦਾ ਜਟਸ ਦਰਜ ਕਰ ਕੇ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

# ਧੀ ਨੂੰ ਵੇਚਣ ਦਾ ਸੌਦਾ ਹੋਣ ਦੀ ਸੂਚਨਾ ਮਿਲਣ ਉਤੇ ਪੁਲਸ ਵੱਲੋਂ ਮੌਕੇ ਉੱਤੇ ਕਾਰਵਾਈ

ਮੋਗਾ, 23 ਫਰਵਰੀ (ਪੋਸਟ ਬਿਊਰੋ)- ਆਰਥਿਕ ਮਜਬੂਰੀ ਨੇ ਇੱਕ ਜੋੜੇ ਨੂੰ ਆਪਣੀ ਹੀ ਧੀ ਨੂੰ ਵੇਚਣ ਲਈ ਮਜਬੂਰ ਕਰ ਦਿੱਤਾ। ਉਹ ਖਰੀਦਦਾਰਾਂ ਨਾਲ ਸ਼ਹਿਰ ਦੇ ਬਾਹਰਲੇ ਇਲਾਕੇ ਵਿੱਚ ਇੱਕ ਢਾਬੇ 'ਤੇ ਚਰਚਾ ਕਰ ਰਹੇ ਸਨ। ਸ਼ੱਕ ਹੋਣ 'ਤੇ ਕਿਸੇ ਨੇ ਪੁਲਸ ਨੂੰ ਦੱਸਿਆ ਤਾਂ ਸੀ ਆਈ ਏ ਸਟਾਫ ਦੀ ਪੁਲਸ ਨੇ ਆ ਕੇ ਜੋੜੇ ਨੂੰ ਗ੍ਰਿਫਤਾਰ ਕਰ ਲਿਆ। ਉਨ੍ਹਾਂ ਦਾ ਦੇਰ ਰਾਤ ਮਥੁਰਾਦਾਸ ਸਿਵਲ ਹਸਪਤਾਲ ਤੋਂ ਮੈਡੀਕਲ ਕਰਵਾਇਆ ਗਿਆ ਹੈ। ਬਾਲ ਭਲਾਈ ਕੌਂਸਲ ਦੀ ਚੇਅਰਪਰਸਨ ਵਰਿੰਦਰ ਕੌਰ ਮਥੁਰਾ ਦਾਸ ਵੀ ਸਿਵਲ ਹਸਪਤਾਲ ਪੁੱਜੇ। ਉਹ ਪੂਰੇ ਮਾਮਲੇ ਦੀ ਪੜਤਾਲ ਕਰ ਰਹੇ ਹਨ।



ਲੁਧਿਆਣਾ ਜ਼ਿਲ੍ਹੇ ਦੇ ਹੈਬੋਵਾਲ ਦਾ ਅਵਤਾਰ ਸਿੰਘ ਮਜ਼ਦੂਰੀ ਕਰ ਕੇ ਆਪਣੇ ਪਰਵਾਰ ਦਾ ਗੁਜ਼ਾਰਾ ਚਲਾ ਰਿਹਾ ਸੀ। ਉਸ ਦੀ ਦੋ ਸਾਲਾ ਦੀ ਧੀ ਹੈ ਅਤੇ ਦੋ ਮਹੀਨੇ ਪਹਿਲਾਂ ਉਸ ਦੀ ਪਤਨੀ ਨੇ ਇੱਕ ਹੋਰ ਧੀ ਨੂੰ ਜਨਮ ਦਿੱਤਾ, ਜਿਸ ਨੂੰ ਜਨਮ ਤੋਂ ਫੂਡ ਪਾਈਪ ਵਿੱਚ ਕੋਈ ਪ੍ਰੇਸ਼ਾਨੀ ਹੋਣ ਕਾਰਨ ਉਸ ਦਾ ਚੰਡੀਗੜ੍ਹ ਵਿਖੇ ਇਲਾਜ ਚੱਲ ਰਿਹਾ ਹੈ। ਇਸ ਦੌਰਾਨ ਹਾਦਸੇ ਵਿੱਚ ਅਵਤਾਰ ਸਿੰਘ ਦਾ ਇੱਕ ਪੈਰ ਜ਼ਖਮੀ ਹੋ ਗਿਆ, ਜਿਸ ਕਾਰਨ ਉਹ ਮਜ਼ਦੂਰੀ ਵੀ ਨਹੀਂ ਕਰ ਸਕਦਾ। ਉਸ ਨੇ ਦੱਸਿਆ ਕਿ ਹੈਬੋਵਾਲ 'ਚ ਇੱਕ ਔਰਤ ਮਿਲੀ ਸੀ, ਜਿਸ ਨੇ ਕਿਹਾ ਸੀ ਕਿ ਮੋਗਾ 'ਚ ਇੱਕ ਜੋੜਾ ਬੱਚੇ ਨੂੰ ਗੋਦ ਲੈਣਾ ਚਾਹੁੰਦਾ ਹੈ, ਜੇ ਉਹ ਬੱਚੀ ਨੂੰ ਦੇਣਾ ਚਾਹੁਣ ਤਾਂ ਬਦਲੇ ਵਿੱਚ ਚਾਲੀ ਹਜ਼ਾਰ ਰੁਪਏ ਦਿਵਾ ਦੇਵੇਗੀ। ਆਰਥਿਕ ਮਜਬੂਰੀ ਕਾਰਨ ਉਹ ਬੱਚੀ ਨੂੰ ਉਕਤ ਪਰਵਾਰ ਨੂੰ ਸੌਂਪਣ ਲਈ ਤਿਆਰ ਹੋ ਗਏ। ਉਕਤ ਔਰਤ ਨੇ ਪਹਿਲਾਂ ਬੱਚੀ ਨੂੰ ਗੋਦ ਲੈਣ ਵਾਲਿਆਂ ਨੂੰ ਜਗਰਾਉਂ ਬੁਲਾਇਆ। ਇੱਥੇ ਦੱਸੇ ਸਥਾਨ 'ਤੇ ਉਹ ਪੁੱਜੇ ਤਾਂ ਮੋਗੇ 'ਚ ਲੁਧਿਆਣਾ ਰੋਡ 'ਤੇ ਇੱਕ ਢਾਬੇ 'ਚ ਆਉਣ ਲਈ ਕਿਹਾ। ਉਥੇ ਉਕਤ ਔਰਤ ਨਾਲ ਇੱਕ ਵਿਅਕਤੀ ਸੀ। ਜਦੋਂ ਉਹ ਬੱਚੀ ਬਾਰੇ ਗੱਲਬਾਤ ਕਰ ਰਹੇ ਸਨ ਤਾਂ ਕਿਸੇ ਨੇ ਇਸ ਦੀ ਸੂਚਨਾ ਸੀ ਆਈ ਏ ਸਟਾਫ ਨੂੰ ਦੇ ਦਿੱਤੀ। ਪੁਲਸ ਓਥੇ ਪੁੱਜੀ, ਪਰ ਉਸ ਤੋਂ ਪਹਿਲਾਂ ਉਕਤ ਔਰਤ ਤੇ ਉਸ ਨਾਲ ਆਇਆ ਵਿਅਕਤੀ ਫਰਾਰ ਹੋ ਗਿਆ। ਪੁਲਸ ਨੇ ਅਵਤਾਰ ਤੇ ਉਸ ਦੀ ਪਤਨੀ ਨੂੰ ਹਿਰਾਸਤ ਵਿੱਚ ਲੈ ਲਿਆ।

# ਜੀ ਟੀ ਬੀ ਨਗਰ ਨੇੜੇ ਔਰਤ ਕੋਲੋਂ ਦਸ ਹਜ਼ਾਰ ਸਮੇਤ ਪਰਸ ਖੋਹਿਆ

ਜਲੰਧਰ, 23 ਫਰਵਰੀ (ਪੋਸਟ ਬਿਊਰੋ)- ਮਾਡਲ ਟਾਊਨ ਨਾਲ ਲੱਗਦੇ ਗੁਰੂ ਤੇਗ ਬਹਾਦਰ ਨਗਰ ਗੁਰਦੁਆਰਾ ਸਾਹਿਬ ਦੇ ਨੇੜੇ ਪ੍ਰਾਪਰਟੀ ਡੀਲਰ ਦੀ ਪਤਨੀ ਤੋਂ ਬਾਈਕ ਸਵਾਰ ਦੋ ਲੁਟੇਰਿਆਂ ਨੇ ਪਰਸ ਖੋਹ ਲਿਆ, ਜਿਸ ਵਿੱਚ ਕਰੀਬ 10 ਹਜ਼ਾਰ ਰੁਪਏ ਤੇ ਇੱਕ ਆਈਫੋਨ ਸੀ। ਗਾਰਡਨ ਕਾਲੋਨੀ ਦੀ ਵਸਨੀਕ ਰਮਨ ਕੌਰ ਪਤਨੀ ਅੰਮ੍ਰਿਤਪਾਲ ਦੇ ਬਿਆਨਾਂ 'ਤੇ ਥਾਣਾ ਡਵੀਜ਼ਨ ਨੰਬਰ ਛੇ ਦੀ ਪੁਲਸ ਨੇ ਲੁੱਟ ਦਾ ਪਰਚਾ ਦਰਜ ਕਰ ਕੇ ਜਾਂਚ ਸ਼ੁਰੂ ਕਰ ਦਿੱਤੀ ਹੈ।

ਪੁਲਸ ਨੂੰ ਦਿੱਤੇ ਬਿਆਨ ਵਿੱਚ ਰਮਨ ਕੌਰ ਪਤਨੀ ਅੰਮ੍ਰਿਤਪਾਲ ਨੇ ਦੱਸਿਆ ਕਿ ਉਸ ਦਾ ਪਤੀ ਪ੍ਰਾਪਰਟੀ ਡੀਲਰ ਹੈ। ਸ਼ਾਮ ਛੇ ਵਜੇ ਉਹ ਜੀ ਟੀ ਬੀ ਨਗਰ ਨੇੜੇ ਗੁਰਦੁਆਰੇ ਵਾਲੀ ਮਾਰਕੀਟ ਵਿੱਚ ਕੁਝ ਸਾਮਾਨ ਲੈਣ ਗਈ ਸੀ। ਉਸ ਦੇ ਨਾਲ ਉਨ੍ਹਾਂ ਦੇ ਘਰ ਦੇ ਦੋਵੇਂ ਨੌਕਰ ਸਨ। ਉਹ ਦੁਕਾਨ 'ਚੋਂ ਸਾਮਾਨ ਲੈ ਕੇ ਵਾਪਸ ਜਾ ਰਹੀ ਸੀ ਤਾਂ ਜਦੋਂ ਆਪਣੀ ਕਾਰ ਦੇ ਦਰਵਾਜ਼ੇ ਦੇ ਨੇੜੇ ਪਹੁੰਚੀ ਤਾਂ ਦੋ ਬਾਈਕ ਸਵਾਰ ਲੁਟੇਰੇ ਆਏ ਅਤੇ ਉਸ ਦੇ ਹੱਥ ਵਿੱਚੋਂ ਪਰਸ ਖੋਹ ਕੇ ਫਰਾਰ ਹੋ ਗਏ। ਇਸ ਦੇ ਬਾਅਦ ਔਰਤ ਨੇ ਰੌਲਾ ਪਾਇਆ ਤਾਂ ਲੋਕ ਇਕੱਠੇ ਹੋ ਗਏ। ਦੋਸ਼ੀਆਂ ਦਾ ਕਾਫੀ ਦੂਰ ਤੱਕ ਉਨ੍ਹਾਂ ਦੇ ਨੌਕਰਾਂ ਨੇ ਪਿੱਛਾ ਵੀ ਕੀਤਾ, ਪਰ ਉਹ ਫਰਾਰ ਹੋਣ ਵਿੱਚ ਕਾਮਯਾਬ ਰਹੇ।ਘਟਨਾ ਦੀ ਜਾਣਕਾਰੀ ਮਿਲਦੇ ਸਾਰ ਪੁਲਸ ਨੇ ਮੌਕੇ 'ਤੇ ਪਹੁੰਚ ਕੇ ਜਾਂਚ ਸ਼ੁਰੂ ਕਰ ਦਿੱਤੀ। ਪੁਲਸ ਨੇ ਇਲਾਕੇ ਦੇ ਸੀ ਸੀ ਟੀ ਵੀ ਕਬਜ਼ੇ ਵਿੱਚ ਲੈ ਲਏ ਹਨ।

# ਮਨਚਲਿਆਂ ਤੋਂ ਪਰੇਸ਼ਾਨ ਵਿਦਿਆਰਥਣ ਵੱਲੋਂ ਸਲਫਾਸ ਖਾ ਕੇ ਆਤਮ ਹੱਤਿਆ

ਤਲਵਾੜਾ, 23 ਫਰਵਰੀ (ਪੋਸਟ ਬਿਊਰੋ)- ਪਿੰਡ ਭੰਬੋਤਾੜ ਵਿੱਚ ਸਕੂਲ ਦੀ ਇੱਕ ਵਿਦਿਆਰਥਣ ਨੇ ਦੋ ਨੌਜਵਾਨਾਂ ਤੋਂ ਪਰੇਸ਼ਾਨ ਹੋ ਕੇ ਸਲਫਾਸ ਦੀ ਗੋਲੀਆਂ ਖਾ ਕੇ ਆਤਮਹੱਤਿਆ ਕਰ ਲਈ ਹੈ। ਪੁਲਸ ਨੇ ਦੋਵਾਂ ਨੌਜਵਾਨਾਂ ਉੱਤੇ ਕੇਸ ਦਰਜ ਕਰ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

ਪਤਾ ਲੱਗਾ ਹੈ ਕਿ ਮ੍ਰਿਤਕਾ ਸਰਕਾਰੀ ਸਕੂਲ ਵਿੱਚ +2 ਦੀ ਵਿਦਿਆਰਥਣ ਸੀ। ਉਸ ਦੇ ਪਿਤਾ ਕੁਸ਼ਲ ਕੁਮਾਰ ਨੇ ਦੱਸਿਆ ਕਿ ਉਨ੍ਹਾਂ ਦੀ ਵੱਡੀ ਬੇਟੀ ਆਸਮਾਂ ਦੀ ਉਮਰ 17 ਸਾਲ ਸੀ ਅਤੇ ਪਿੰਡ ਦੇ ਦੋ ਨੌਜਵਾਨ ਪਿਛਲੇ 7-8 ਮਹੀਨਿਆਂ ਤੋਂ ਉਸ ਨੂੰ ਪ੍ਰੇਸ਼ਾਨ ਕਰ ਰਹੇ ਸਨ। ਉਨ੍ਹਾਂ ਨੂੰ ਕਈ ਵਾਰ ਸਮਝਾਇਆ, ਪਰ ਉਹ ਨਹੀਂ ਮੰਨੇ। 19 ਫਰਵਰੀ ਨੂੰ ਉਹ ਜਦੋਂ ਪੇਪਰ ਦੇਣ ਸਕੂਲ ਗਈ ਤਾਂ ਦੁਪਹਿਰ ਇੱਕ ਵਜੇ ਤੱਕ ਘਰ ਨਹੀਂ ਆਈ, ਜਿਸਦੇ ਬਾਅਦ ਉਸ ਨੂੰ ਲੱਭਣਾ ਸ਼ੁਰੂ ਕੀਤਾ। ਉਸ ਨੂੰ ਕੋਈ ਪਿੰਡ ਦੀ ਖੱਡ ਦੇ ਕੋਲ ਉਤਾਰ ਕੇ ਚਲਾ ਗਿਆ। ਪੁੱਛਿਆ ਤਾਂ ਆਸਮਾਂ ਨੇ ਦੱਸਿਆ ਕਿ ਦੋਵੇਂ ਨੌਜਵਾਨ ਉਸ ਨੂੰ ਆਪਣੇ ਘਰ ਲੈ ਗਏ ਸਨ ਅਤੇ ਦੋ ਘੰਟੇ ਆਪਣੇ ਘਰ ਜਬਰਨ ਰੋਕ ਕੇ ਰੱਖਿਆ। ਪਿਤਾ ਨੇ ਇਸਦੀ ਜਾਣਕਾਰੀ ਪਿੰਡ ਦੇ ਸਰਪੰਚ ਕੁਲਜੀਤ ਸਿੰਘ ਨੂੰ ਦਿੱਤੀ। ਉਨ੍ਹਾਂ ਦੱਸਿਆ ਕਿ ਉਦੋਂ ਤੋਂ ਉਹ ਬਹੁਤ ਪ੍ਰੇਸ਼ਾਨ ਰਹਿਣ ਲਗੀ ਅਤੇ ਕੱਲ੍ਹ ਦੁਖੀ ਹੋ ਕੇ ਸਲਫਾਸ ਦੀਆਂ ਗੋਲੀਆਂ ਖਾ ਲਈਆਂ। ਇਸ ਪਿੱਛੋਂ ਉਸ ਨੂੰ ਬੀ ਬੀ ਐਮ ਬੀ ਹਸਪਤਾਲ ਲੈ ਕੇ ਗਏ ਜਿਥੋਂ ਡਾਕਟਰਾਂ ਨੇ ਉਸ ਨੂੰ ਮੁਕੇਰੀਆਂ ਰੈਫਰ ਕਰ ਦਿੱਤਾ, ਪਰ ਮੁਕੇਰੀਆਂ ਦੇ ਹਸਪਤਾਲ ਵਿੱਚ ਆਸਮਾਂ ਦੀ ਮੌਤ ਹੋ ਗਈ। ਏ ਐਸ ਆਈ ਮੋਹਿੰਦਰ ਸਿੰਘ ਨੇ ਦੱਸਿਆ ਕਿ ਪਿਤਾ ਕੁਸ਼ਲ ਕੁਮਾਰ ਦੇ ਬਿਆਨ ਉੱਤੇ ਦੋਸ਼ੀਆਂ ਰਾਹੁਲ ਪੁੱਤਰ ਦਿਲਬਾਗ ਸਿੰਘ ਅਤੇ ਸਾਹਿਲ ਪੁੱਤਰ ਵਿਜੈ ਕੁਮਾਰ ਉੱਤੇ ਕੇਸ ਦਰਜ ਕੀਤਾ ਗਿਆ ਹੈ।

# ਓਲੰਪੀਅਨ ਸੁਰਿੰਦਰ ਸਿੰਘ ਸੋਢੀ ਫਿਰ ਤੋਂ ਆਮ ਆਦਮੀ ਪਾਰਟੀ ਵਿੱਚ ਸ਼ਾਮਲ



ਜਲੰਧਰ, 23 ਫਰਵਰੀ (ਪੋਸਟ ਬਿਊਰੋ)- ਸਾਬਕਾ ਓਲੰਪੀਅਨ ਸੁਰਿੰਦਰ ਸਿੰਘ ਸੋਢੀ ਕੱਲ੍ਹ ਫਿਰ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋ ਗਏ। ਦੇਸ਼ ਭਗਤ ਯਾਦਗਾਰ ਹਾਲ ਵਿਖੇ ਆਮ ਆਦਮੀ ਪਾਰਟੀ ਦੇ ਸੂਬਾ ਪ੍ਰਧਾਨ ਭਗਵੰਤ ਮਾਨ, ਪੰਜਾਬ ਮਾਮਲਿਆਂ ਦੇ ਇੰਚਾਰਜ ਜਰਨੈਲ ਸਿੰਘ, ਕੋ-ਇੰਚਾਰਜ ਰਾਘਵ ਚੱਢਾ ਅਤੇ ਵਿਰੋਧੀ ਧਿਰ ਦੇ ਆਗੂ ਹਰਪਾਲ ਸਿੰਘ ਚੀਮਾ ਨੇ ਵੱਡੀ ਗਿਣਤੀ ਵਿੱਚ ਦੋਆਬੇ ਦੇ ਵਲੰਟੀਅਰਾਂ ਦੀ ਹਾਜ਼ਰੀ ਵਿੱਚ ਸੋਢੀ ਨੂੰ ਪਾਰਟੀ ਵਿੱਚ ਸ਼ਾਮਲ ਕੀਤਾ।

ਵਰਨਣ ਯੋਗ ਹੈ ਕਿ ਇਸ ਤੋਂ ਪਹਿਲਾਂ 2017 ਦੀਆਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ 2016 ਵਿੱਚ ਸੁਰਿੰਦਰ ਸਿੰਘ ਸੋਢੀ ਨੇ ਪੰਜਾਬ ਪੁਲਸ ਦੇ ਆਈ ਜੀ ਵਜੋਂ ਵਲੰਟੀਅਰੀ ਰਿਟਾਇਰਮੈਂਟ ਲਈ ਅਤੇ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋਏ ਸਨ। ਓਦੋਂ ਉਹ ਜਲੰਧਰ ਕੈਂਟ ਹਲਕੇ ਤੋਂ ਚੋਣ ਲੜਨ ਦੇ ਚਾਹਵਾਨਾਂ 'ਚ ਸ਼ਾਮਲ ਸਨ, ਪਰ ਟਿਕਟ ਨਾ ਮਿਲਣ ਕਰ ਕੇ ਪਾਰਟੀ ਛੱਡ ਗਏ ਸਨ। ਉਸ ਤੋਂ ਬਾਅਦ ਉਹ ਕਾਂਗਰਸ ਵਿੱਚ ਸ਼ਾਮਲ ਹੋ ਗਏ ਸਨ, ਪਰ ਉਨ੍ਹਾਂ ਨੇ ਰਵਾਇਤੀ ਪਾਰਟੀ ਦੀਆਂ ਸਿਆਸੀ ਸਰਗਰਮੀਆਂ 'ਚ ਘੱਟ ਹੀ ਹਿੱਸਾ ਲਿਆ ਸੀ।

ਆਮ ਆਦਮੀ ਪਾਰਟੀ ਵਿੱਚ ਮੁੜ ਕੇ ਸ਼ਾਮਲ ਹੋਣ ਬਾਰੇ ਪੁੱਛੇ ਜਾਣ ਉਤੇ ਸੁਰਿੰਦਰ ਸੋਢੀ ਨੇ ਕਿਹਾ ਕਿ ਮੌਜੂਦਾ ਸਿਆਸਤ 'ਚ ਰਵਾਇਤੀ ਪਾਰਟੀਆਂ ਲੋਕਤੰਤਰੀ ਕਦਰਾਂ-ਕੀਮਤਾਂ ਨੂੰ ਭੁੱਲ ਚੁੱਕੀਆਂ ਹਨ ਅਤੇ ਉਨ੍ਹਾਂ ਦੀਆਂ ਨੀਤੀਆਂ ਲੋਕ ਵਿਰੋਧੀ ਹਨ। ਆਮ ਆਦਮੀ ਪਾਰਟੀ ਹੀ ਅਜਿਹੀ ਪਾਰਟੀ ਆਮ ਲੋਕਾਂ ਦਾ ਦੁੱਖ ਦਰਦ ਸਮਝਣ ਵਾਲੀ ਪਾਰਟੀ ਹੈ। ਦਿੱਲੀ 'ਚ ਇਸ ਪਾਰਟੀ ਦੀ ਸਰਕਾਰ ਨੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੀ ਅਗਵਾਈ ਵਿੱਚ ਲੋਕ ਪੱਖੀ ਨੀਤੀਆਂ ਲਾਗੂ ਕੀਤੀਆਂ ਅਤੇ ਦਿੱਲੀ ਦੇ ਲੋਕਾਂ ਨੂੰ ਅੱਵਲ ਦਰਜੇ ਦੀਆਂ ਸਿਹਤ ਤੇ ਸਿੱਖਿਆ ਸਹੂਲਤਾਂ ਮੁਹੱਈਆ ਕਰਵਾਉਣ ਤੋਂ ਇਲਾਵਾ ਕੇਜਰੀਵਾਲ ਸਰਕਾਰ ਨੇ ਬੁਨਿਆਦੀ ਢਾਂਚਾ ਮਜ਼ਬੂਤ ਕਰਨ ਵਿੱਚ ਕੋਈ ਕਸਰ ਨਹੀਂ ਛੱਡੀ।

# ਮੈਡੀਕਲ ਟਰਮੀਨੇਸ਼ਨ ਐਂਡ ਪ੍ਰੈਗਨੈਂਸੀ ਐਕਟ 'ਤੇ ਹਾਈ ਕੋਰਟ ਵੱਲੋਂ ਕੇਂਦਰ ਸਰਕਾਰ ਨੂੰ ਨੋਟਿਸ

ਚੰਡੀਗੜ੍ਹ, 23 ਫਰਵਰੀ (ਪੋਸਟ ਬਿਊਰੋ)- ਜੇ ਕਿਸੇ ਔਰਤ ਦਾ ਭਰੂਣ ਖਤਰਨਾਕ ਬਿਮਾਰੀ ਜਾਂ ਵਿਗਾੜ ਦਾ ਸ਼ਿਕਾਰ ਹੈ ਤਾਂ ਮੈਡੀਕਲ ਟਰਮੀਨੇਸ਼ਨ ਐਕਟ ਹੇਠ 20 ਹਫਤੇ ਦੇ ਬਾਅਦ ਹਾਈ ਕੋਰਟ ਤੋਂ ਗਰਭਪਾਤ ਦੀ ਇਜਾਜ਼ਤ ਲੈਣੀ ਪੈਂਦੀ ਹੈ। ਦੇਸ਼ ਦੀਆਂ ਕਈ ਹਾਈ ਕੋਰਟਾਂ ਵਿੱਚੋਂ 20 ਤੋਂ 26 ਹਫਤੇ ਦੇ ਭਰੂਣ ਦੇ ਦੋਸ਼ ਦੇ ਕਈ ਕੇਸ ਆ ਰਹੇ ਹਨ, ਅਜਿਹੇ ਵਿੱਚ ਕੇਂਦਰ ਸਰਕਾਰ ਇਸ ਨੂੰ ਲੈ ਕੇ ਇੱਕ ਬਿਹਤਰ ਨੀਤੀ ਕਿਉਂ ਨਹੀਂ ਬਣਾ ਰਹੀ ਹੈ।




ਜਸਟਿਸ ਅਰੁਣ ਮੌਂਗਾ ਨੇ ਕੱਲ੍ਹ ਅਜਿਹੇ ਇੱਕ ਕੇਸ ਦੀ ਸੁਣਵਾਈ ਦੌਰਾਨ ਕੇਂਦਰ ਨੂੰ ਮਾਮਲੇ ਵਿੱਚ ਧਿਰ ਬਣਾਉਂਦੇ ਹੋਏ ਇਸ ਬਾਰੇ ਵਿੱਚ ਜਵਾਬ ਦਿੱਤੇ ਜਾਣ ਦੇ ਹੁਕਮ ਦਿੱਤੇ ਹਨ। ਸੁਣਵਾਈ ਦੌਰਾਨ ਪੀ ਜੀ ਆਈ ਚੰਡੀਗੜ੍ਹ ਵੱਲੋਂ ਪੇਸ਼ ਹੋਏ ਵਕੀਲ ਨੇ ਹਾਈ ਕੋਰਟ ਨੂੰ ਦੱਸਿਆ ਕਿ ਇਸ ਬਾਰੇ ਕੇਂਦਰੀ ਸਿਹਤ ਮੰਤਰੀ ਨੇ ਪਹਿਲਾਂ ਦੇ ਕਾਨੂੰਨ ਵਿੱਚ ਸੋਧ ਕਰ ਕੇ ਬੀਤੇ ਸਾਲ ਦੋ ਮਾਰਚ ਨੂੰ ਪਾਰਲੀਮੈਂਟ ਵਿੱਚ ਬਿੱਲ ਪੇਸ਼ ਕੀਤਾ ਸੀ, ਜੋ ਅਜੇ ਵਿਚਾਰਅਧੀਨ ਹੈ। ਹਾਈ ਕੋਰਟ ਨੇ ਕਿਹਾ ਕਿ ਇਸ ਐਕਟ ਦੇ ਤਹਿਤ ਜਦੋਂ ਕਿਸੇ ਗਰਭਵਤੀ ਔਰਤ ਦਾ ਭਰੂਣ ਖਤਰਨਾਕ ਰੋਗ ਜਾਂ ਵਿਗਾੜ ਦਾ ਸ਼ਿਕਾਰ ਹੋਵੇ ਤਾਂ ਵੀਹ ਹਫਤੇ ਦੇ ਭਰੂਣ ਦਾ ਮੈਡੀਕਲ ਬੋਰਡ ਦੀ ਇਜਾਜ਼ਤ ਨਾਲ ਗਰਭਪਾਤ ਕੀਤਾ ਜਾ ਸਕਦਾ ਹੈ, ਪਰ ਜੇ ਭਰੂਣ ਵੀਹ ਹਫਤੇ ਤੋਂ ਵੱਧ ਦਾ ਹੈ ਤਾਂ ਉਸ ਦੇ ਲਈ ਹਾਈ ਕੋਰਟ ਦੀ ਇਜਾਜ਼ਤ ਲੈਣੀ ਪੈਂਦੀ ਹੈ।ਕੋਰਟ ਨੇ ਕਿਹਾ ਕਿ ਅਜਿਹੇ ਕਈ ਕੇਸਾਂ ਵਿੱਚ ਹਾਈ ਕੋਰਟ ਵੀਹ ਹਫਤੇ ਤੋਂ ਵੱਧ ਦਿਨਾਂ ਦੇ ਭਰੂਣ ਦੇ ਗਰਭਪਾਤ ਦੀ ਇਜਾਜ਼ਤ ਦਿੰਦਾ ਰਿਹਾ ਹੈ, ਪਰ ਇਸ ਦਾ ਲਾਭ ਇਸ ਕਾਨੂੰਨ ਨੂੰ ਜਾਣਨ ਵਾਲੇ ਹੀ ਉਠਾ ਸਕਦੇ ਹਨ। ਹਾਈ ਕੋਰਟ ਨੇ ਇਸ ਕੇਸ ਵਿੱਚ ਕੇਂਦਰ ਸਰਕਾਰ ਨੂੰ ਧਿਰ ਬਣਾਉਂਦੇ ਹੋਏ ਇੱਕ ਮਾਰਚ ਦੇ ਲਈ ਨੋਟਿਸ ਜਾਰੀ ਕਰ ਕੇ ਜਵਾਬ ਮੰਗ ਲਿਆ ਹੈ।

ਹਾਈ ਕੋਰਟ ਨੇ 23 ਹਫਤੇ ਪੰਜ ਦਿਨ ਦੇ ਖਤਰਨਾਕ ਰੋਗਗ੍ਰਸਤ ਭਰੂਣ ਦੇ ਗਰਭਪਾਤ ਕਰਨ ਦੀ ਇਜਾਜ਼ਤ ਦੇ ਦਿੱਤੀ ਹੈ। ਵਰਨਣ ਯੋਗ ਹੈ ਕਿ ਔਰਤ ਨੇ ਹੀ ਹਾਈ ਕੋਰਟ ਵਿੱਚ ਅਰਜ਼ੀ ਦਾਇਰ ਕਰ ਕੇ ਦੱਸਿਆ ਸੀ ਕਿ ਉਸ ਦੇ ਗਰਭ ਦੀ ਜਾਂਚ ਦੇ ਬਾਅਦ ਪਤਾ ਲੱਗਾ ਕਿ ਉਸ ਦੇ ਗਰਭ ਵਿੱਚ ਪਲਦਾ ਭਰੂਣ ਬੇਹੱਦ ਖਤਰਨਾਕ ਰੋਗ ਤੋਂ ਪੀੜਤ ਹੈ।

# ਕੋਰੋਨਿਲ ਦਵਾਈ ਦੀ ਤਸਦੀਕ ਕਰਨ ਲਈ ਆਈ ਐਮ ਏ ਨੇ ਸਿਹਤ ਮੰਤਰੀ ਤੋਂ ਜਵਾਬ ਮੰਗਿਆ




ਨਵੀਂ ਦਿੱਲੀ, 23 ਫਰਵਰੀ (ਪੋਸਟ ਬਿਊਰੋ)- ਭਾਰਤੀ ਮੈਡੀਕਲ ਐਸੋਸੀਏਸ਼ਨ (ਆਈ ਐਮ ਏ) ਨੇ ਬਾਬਾ ਰਾਮਦੇਵ ਦੀ ਪਤੰਜਲੀ ਫੈਕਟਰੀ ਦੀ ਬਣੀ ਦਵਾਈ 'ਕੋਰੋਨਿਲ' ਦੀ ਤਸਦੀਕ ਕਰਨ ਲਈ ਕੇਂਦਰੀ ਸਿਹਤ ਮੰਤਰੀ ਡਾ: ਹਰਸ਼ ਵਰਧਨ ਤੋਂ ਉਸ ਉਤਪਾਦ ਦੀ ਤਸਦੀਕ ਕਰਨਦਾ ਸਪੱਸ਼ਟੀਕਰਨ ਮੰਗਿਆ ਹੈ।

ਵਰਨਣ ਯੋਗ ਹੈ ਕਿ ਪਤੰਜਲੀ ਨੇ ਕੋਰੋਨਿਲ ਲਾਂਚ ਕਰਨ ਮੌਕੇ ਇਹ ਦਾਅਵਾ ਕੀਤਾ ਸੀ ਕਿ ਇਹ ਕੋਵਿਡ-19 ਦੇ ਇਲਾਜ ਵਿੱਚ ਕਾਰਗਰ ਹੈ, ਜਦ ਕਿ ਸੰਸਾਰ ਸਿਹਤ ਸੰਗਠਨ (ਡਬਲਿਊ ਐੱਚ ਓ) ਨੇ ਪਤੰਜਲੀ ਦੇ ਇਸ ਦਾਅਵੇ ਉਤੇ ਇਤਰਾਜ਼ਕੀਤਾ ਸੀ। ਆਈ ਐਮ ਏ ਨੇ ਕਿਹਾ, ''ਭਾਰਤੀ ਮੈਡੀਕਲ ਕੌਂਸਲ ਵੱਲੋਂ ਜਾਰੀ ਕੋਡ (ਦਿਸ਼ਾ ਨਿਰਦੇਸ਼ਾਂ), ਜਿਸ ਨੂੰ ਮੰਨਣ ਲਈ ਹਰ ਆਧੁਨਿਕ ਮੈਡੀਕਲ ਡਾਕਟਰ ਪਾਬੰਦ ਹਨ, ਤਹਿਤ ਕੋਈ ਡਾਕਟਰ ਕਿਸੇ ਦਵਾਈ ਦਾ ਪ੍ਰਚਾਰ ਪਾਸਾਰ ਨਹੀਂ ਕਰ ਸਕਦਾ, ਪਰ ਇਹ ਗੱਲ ਹੈਰਾਨ ਕਰਨ ਵਾਲੀ ਹੈ ਕਿ ਸਿਹਤ ਮੰਤਰੀ, ਜੋ ਖੁਦ ਆਧੁਨਿਕ ਮੈਡੀਸਨ ਡਾਕਟਰ ਹਨ, ਦਵਾਈ ਦਾ ਪ੍ਰਚਾਰ ਕਰ ਰਹੇ ਸਨ।' ਆਈ ਐਮ ਏ ਨੇ ਕਿਹਾ ਕਿ ਦੇਸ਼ ਦੇ ਸਿਹਤ ਮੰਤਰੀ ਦੀ ਹਾਜ਼ਰੀ ਵਿੱਚ ਇੱਕ ਗੈਰ ਵਿਗਿਆਨਕ ਦਵਾਈ ਨੂੰ ਗਲਤ ਤਰੀਕੇ ਨਾਲ ਪੇਸ਼ ਕਰਨਾ ਅਤੇ ਫਿਰ ਇਸ ਦਵਾਈ ਨੂੰ ਡਬਲਯੂ ਐਚ ਓ ਵੱਲੋਂ ਰੱਦ ਕੀਤੇ ਜਾਣਾ ਪੂਰੇ ਦੇਸ਼ ਦਾ ਅਪਮਾਨ ਤੇ ਮੂੰਹ ਉੱਤੇ ਚਪੇੜ ਹੈ। ਐਸੋਸੀਏਸ਼ਨ ਨੇ ਯੋਗੀ ਰਾਮਦੇਵ ਦੀ ਆਯੁਰਵੈਦਿਕ ਫਰਮ ਪਤੰਜਲੀ ਵੱਲੋਂ ਵਿਉਂਤੇ ਸਮਾਗਮ ਵਿੱਚ ਹਾਜ਼ਰੀ ਲਈ ਕੇਂਦਰੀ ਸਿਹਤ ਮੰਤਰੀ ਦੀ ਇੱਕ ਡਾਕਟਰ ਅਤੇ ਦੇਸ਼ ਦੇ ਸਿਹਤ ਮੰਤਰੀ ਵਜੋਂ ਨੈਤਿਕਤਾ 'ਤੇ ਵੀ ਸਵਾਲ ਉਠਾਇਆ ਹੈ। ਐਸੋਸੀਏਸ਼ਨ ਨੇ ਕੌਮੀ ਮੈਡੀਕਲ ਕਮਿਸ਼ਨ (ਜੋ ਪਹਿਲਾਂ ਭਾਰਤੀ ਮੈਡੀਕਲ ਕੌਂਸਲ ਸੀ) ਦੇ ਇੱਕ ਕਲਾਜ਼ ਦਾ ਵੀ ਜ਼ਿਕਰ ਕੀਤਾ ਹੈ, ਜੋ ਕਿਸੇ ਡਾਕਟਰ ਨੂੰ ਕਿਸੇ ਦਵਾਈ ਦਾ ਪ੍ਰਚਾਰ ਪਾਸਾਰ ਕਰਨ ਤੋਂ ਰੋਕਦੀ ਹੈ। 'ਕੋਰੋਨਿਲ' ਟੈਬਲੇਟ ਲਾਂਚ ਕਰਨ ਲਈ 19 ਫਰਵਰੀ ਨੂੰ ਰੱਖੇ ਇਸ ਸਮਾਗਮ ਵਿੱਚ ਹਰਸ਼ ਵਰਧਨ ਤੋਂ ਇਲਾਵਾ ਕੇਂਦਰੀ ਆਵਾਜਾਈ ਮੰਤਰੀ ਨਿਤਿਨ ਗਡਕਰੀ ਵੀ ਮੌਜੂਦ ਸਨ।

# ਨੈਸ਼ਨਲ ਹੈਰਾਲਡ ਕੇਸ ਵਿੱਚ ਅਦਾਲਤ ਨੇ ਸੋਨੀਆ ਗਾਂਧੀ ਤੇ ਰਾਹੁਲ ਤੋਂ ਜਵਾਬ ਮੰਗਿਆ

ਨਵੀਂ ਦਿੱਲੀ, 23 ਫਰਵਰੀ (ਪੋਸਟ ਬਿਊਰੋ)- ਦਿੱਲੀ ਹਾਈ ਕੋਰਟ ਨੇ ਨੈਸ਼ਨਲ ਹੈਰਾਲਡਕੇਸ ਵਿੱਚ ਹੇਠਲੀ ਅਦਾਲਤ 'ਚ ਸੁਣਵਾਈ ਉੱਤੇ ਰੋਕ ਲਾ ਕੇ ਕੱਲ੍ਹ ਕਾਂਗਰਸ ਪ੍ਰਧਾਨ ਸੋਨੀਆ ਗਾਂਧੀ, ਕਾਂਗਰਸ ਨੇਤਾ ਰਾਹੁਲ ਗਾਂਧੀ ਅਤੇ ਹੋਰਨਾਂ ਤੋਂ ਜਵਾਬ ਮੰਗਿਆ ਹੈ। ਇਹ ਜਵਾਬ ਭਾਜਪਾ ਐਮ ਪੀ ਸੁਬਰਮਣੀਅਮ ਸਵਾਮੀ ਦੀ ਅਰਜ਼ੀ ਉੱਤੇ ਮੰਗਿਆ ਗਿਆ ਹੈ।

ਭਾਜਪਾ ਪਾਰਲੀਮੈਂਟ ਮੈਂਬਰ ਸੁਬਰਮਣੀਅਮ ਸਵਾਮੀ ਨੇ ਨੈਸ਼ਨਲ ਹੈਰਾਲਡ ਕੇਸ ਵਿੱਚ ਹੇਠਲੀ ਅਦਾਲਤ ਦੇ 11 ਫਰਵਰੀ ਦੇ ਫੈਸਲੇ ਨੂੰ ਚੁਣੌਤੀ ਦਿੱਤੀ ਹੈ। ਹੇਠਲੀ ਅਦਾਲਤ ਨੇ ਉਨ੍ਹਾਂ ਦੀ ਪਟੀਸ਼ਨ 'ਚ ਪੇਸ਼ ਕੀਤੇ ਮੁੱਖ ਸਬੂਤਾਂ ਦੇ ਆਧਾਰ ਉੱਤੇ ਕਾਂਗਰਸ ਪ੍ਰਧਾਨ ਸੋਨੀਆ ਗਾਂਧੀ, ਉਨ੍ਹਾਂ ਦੇ ਪੁੱਤਰ ਰਾਹੁਲ ਗਾਂਧੀ ਅਤੇ ਹੋਰਾਂ ਵਿਰੁੱਧ ਕੇਸ ਚਲਾਏ ਜਾਣ ਦੀ ਮਨਜ਼ੂਰੀ ਦੇਣ ਤੋਂ ਇਨਕਾਰ ਕਰ ਦਿੱਤਾ ਸੀ। ਜਸਟਿਸ ਸੁਰੇਸ਼ ਕੈਤ ਨੇ ਸੋਨੀਆ ਅਤੇ ਰਾਹੁਲ ਗਾਂਧੀ, ਕੁੱਲ ਹਿੰਦ ਕਾਂਗਰਸ ਕਮੇਟੀ ਦੇ ਜਨਰਲ ਸੈਕਟਰੀ ਦੂਬੇ, ਸੈਮ ਪਿਤੋਰਦਾ ਅਤੇ ਯੰਗ ਇੰਡੀਆਨੂੰ 12 ਅਪ੍ਰੈਲ ਤੱਕ ਸਵਾਮੀ ਦੀ ਪਟੀਸ਼ਨ ਉੱਤੇ ਜਵਾਬ ਦੇਣ ਲਈ ਕਿਹਾ। ਭਾਜਪਾ ਪਾਰਲੀਮੈਂਟ ਮੈਂਬਰ ਸਵਾਮੀ ਵੱਲੋਂ ਪੇਸ਼ ਵਕੀਲ ਸੱਤਿਆ ਸਭਰਵਾਲ ਅਤੇ ਗਾਂਧੀ ਪਰਵਾਰ ਅਤੇ ਹੋਰਾ ਵੱਲੋਂ ਪੇਸ਼ ਹੋਏ ਵਕੀਲ ਤਰੰਨੁਮ ਚੀਮ ਨੇ ਹਾਈ ਕੋਰਟ ਵੱਲੋਂ ਨੋਟਿਸ ਜਾਰੀ ਕਰਨ ਦੀ ਅਤੇ ਸੁਣਵਾਈ 12 ਅਪ੍ਰੈਲ ਤੱਕ ਮੁਲਤਵੀ ਕਰਨ ਦੀ ਪੁਸ਼ਟੀ ਕੀਤੀ ਹੈ।ਭਾਜਪਾ ਨੇਤਾ ਸੁਬਰਾਮਨੀਅਮ ਸਵਾਮੀ ਨੇ ਹੇਠਲੀ ਅਦਾਲਤ 'ਚ ਦਾਇਰ ਨਿੱਜੀ ਅਪਰਾਧਕ ਸ਼ਿਕਾਇਤ ਵਿੱਚ ਰਾਹੁਲ ਗਾਂਧੀ ਤੋਂ ਇਲਾਵਾ ਹੋਰ ਲੋਕਾਂ ਉੱਤੇ ਨੈਸ਼ਨਲ ਹੈਰਾਲਡ ਰਾਹੀਂ ਧੋਖਾਧੜੀ ਅਤੇ ਗ਼ਲਤ ਤਰੀਕੇ ਨਾਲ ਧਨ ਪ੍ਰਾਪਤ ਕਰਨ ਦੀ ਸਾਜ਼ਿਸ਼ ਰਚਣ ਦਾ ਦੋਸ਼ ਲਗਾਇਆ ਸੀ।



## ਮੁਕੇਸ਼ ਅੰਬਾਨੀ ਨੂੰ ਝਟਕਾ:

# ਸੁਪਰੀਮ ਕੋਰਟ ਨੇ ਰਿਲਾਇੰਸ-ਫਿਊਚਰ ਸੌਦੇ ਉੱਤੇ ਰੋਕ ਲਾਈ

ਨਵੀਂ ਦਿੱਲੀ, 23 ਫਰਵਰੀ (ਪੋਸਟ ਬਿਊਰੋ)- ਸੁਪਰੀਮ ਕੋਰਟ ਨੇ ਫਿਊਚਰ ਗਰੁੱਪ ਅਤੇ ਭਾਰਤ ਦੇ ਸਭ ਤੋਂ ਵੱਡੇ ਅਮੀਰ ਮੁਕੇਸ਼ ਅੰਬਾਨੀ ਦੀ ਰਿਲਾਇੰਸ ਇੰਡਸਟਰੀਜ਼ ਦੇ ਸੌਦੇ ਬਾਰੇ ਰੈਗੂਲੇਟਰੀ ਮਨਜ਼ੂਰੀ ਉੱਤੇ ਰੋਕ ਲਾ ਦਿੱਤੀ ਹੈ। ਜੈਫ ਬੇਜੋਸ ਦੀ ਈ-ਕਾਮਰਸ ਕੰਪਨੀ ਐਮਾਜ਼ੋਨ ਨੇ ਇਸ ਸੌਦੇ ਨੂੰ ਸੁਪਰੀਮ ਕੋਰਟ 'ਚ ਚੁਣੌਤੀ ਦਿੱਤੀ ਸੀ।

ਬਲੂਮਬਰਗ ਦੇ ਮੁਤਾਬਿਕ ਸੁਪਰੀਮ ਕੋਰਟ ਨੇ ਐਮਾਜ਼ੋਨ ਦੀ ਅਰਜ਼ੀ ਉੱਤੇ ਸਹਿਮਤੀ ਪ੍ਰਗਟ ਕਰਦੇ ਹੋਏ ਹੇਠਲੀ ਅਦਾਲਤ ਦੇ ਫ਼ੈਸਲੇ ਨੂੰ ਪਲਟ ਦਿੱਤਾ ਅਤੇ ਕੰਪਨੀ ਟ੍ਰਿਬਿਊਨਲ ਨੂੰ ਅਗਲੇ ਨਿਰਦੇਸ਼ਾਂ ਤੱਕ ਸਮਝੌਤੇ ਨੂੰ ਮਨਜ਼ੂਰੀ ਦੇਣ ਤੋਂ ਰੋਕ ਦਿੱਤਾ ਹੈ। ਅਦਾਲਤ ਨੇ ਇਸ ਦੇ ਨਾਲ ਹੀ ਕਿਸ਼ੋਰ ਬਿਆਨੀ ਦੀ ਫਿਊਚਰ ਰਿਟੇਲ ਨੂੰ ਨੋਟਿਸ ਜਾਰੀ ਕਰ ਕੇ ਐਮਾਜ਼ੋਨ ਦੀ ਅਰਜ਼ੀ ਉੱਤੇ ਲਿਖਤੀ ਬਿਆਨ ਦੇਣ ਨੂੰ ਕਿਹਾ ਹੈ। ਇਸ ਕੇਸ ਦੀ ਅਗਲੀ ਸੁਣਵਾਈ ਪੰਜ ਹਫ਼ਤੇ ਬਾਅਦ ਹੋਵੇਗੀ।

ਵਰਨਣਯੋਗ ਹੈ ਕਿ ਸੇਬੀ (ਸਕਿਓਰਟੀਜ਼ ਐਂਡ ਐਕਸਚੇਂਜ ਬੋਰਡ ਆਫ ਇੰਡੀਆ) ਨੇ ਕੁਝ ਸ਼ਰਤਾਂ ਨਾਲ ਇਸ ਸੌਦੇ ਨੂੰ ਮਨਜ਼ੂਰੀ ਦਿੱਤੀ ਸੀ। ਰਿਲਾਇੰਸ ਇੰਡਸਟਰੀਜ਼ ਦੀ ਸਹਿਯੋਗੀ ਕੰਪਨੀ ਰਿਲਾਇੰਸ ਰਿਟੇਲ ਵੈਂਚਰਸ ਲਿਮਟਿਡ ਨੇ ਫਿਊਚਰ ਗਰੁੱਪ ਦੇ ਰਿਟੇਲ ਐਂਡ ਹੋਲਸੇਲ ਬਿਜ਼ਨੈਸ ਅਤੇ ਲਾਜਸਟਿਕਸ ਐਂਡ ਵੇਅਰਹਾਊਸਿੰਗ ਬਿਜ਼ਨੈਸ ਨੂੰ ਖ਼ਰੀਦਣ ਦਾ ਸੌਦਾ ਪਿਛਲੇ ਸਾਲ ਕੀਤਾ ਸੀ। ਇਹ ਸਮਝੌਤਾ 24713 ਕਰੋੜ 'ਚ ਹੋਇਆ ਸੀ, ਪਰ ਫਿਊਚਰ ਰਿਟੇਲ ਦੀ ਪਹਿਲਾਂ ਤੋਂ ਸਹਿਯੋਗੀ ਐਮਾਜ਼ੋਨ ਨੇ ਇਸ ਸਮਝੌਤੇ ਉੱਤੇ ਇਤਰਾਜ ਕੀਤਾ ਸੀ। ਐਮਾਜ਼ੋਨ ਨੇ ਸਿੰਗਾਪੁਰ 'ਚ ਵਿਚੋਲਗੀ ਅਦਾਲਤ ਤੋਂ ਲੈ ਕੇ ਸੇਬੀ ਅਤੇ ਅਦਾਲਤ ਤੱਕ ਦਾ ਦਰਵਾਜ਼ਾ ਖੜਕਾਇਆ। ਇਹ ਮਾਮਲਾ ਦਿੱਲੀ ਹਾਈਕੋਰਟ 'ਚ ਗਿਆ ਅਤੇ ਉਥੋਂ ਫਿਊਚਰ ਰਿਟੇਲ ਨੂੰ ਰਾਹਤ ਮਿਲ ਗਈ ਸੀ, ਪਰ ਦਿੱਲੀ ਹਾਈ ਕੋਰਟ ਦੇ ਡਿਵੀਜ਼ਨ ਬੈਂਚ ਨੇ ਹਾਈਕੋਰਟ ਦੇ ਹੀ ਸਿੰਗਲ ਜੱਜ ਦੇ ਉਸ ਆਦੇਸ਼ ਉੱਤੇ ਰੋਕ ਲਾ ਦਿੱਤੀ, ਜਿਸ 'ਚ ਫਿਊਚਰ ਰਿਟੇਲ ਲਿਮਟਿਡ (ਐਫ ਆਰ ਐਲ) ਅਤੇ ਰਿਲਾਇੰਸ ਰਿਟੇਲ ਵਿਚਾਲੇ ਹੋਏ ਸਮਝੌਤੇ ਨੂੰ ਪਹਿਲਾਂ ਵਾਂਗ ਬਣਾਈ ਰੱਖਣ ਦਾ ਆਦੇਸ਼ ਦਿੱਤਾ ਗਿਆ ਸੀ।

# ਸਮੂਹਿਕ ਬਲਾਤਕਾਰ ਕੇਸ ਦਾ ਦੋਸ਼ੀ 20 ਸਾਲ ਬਾਅਦ ਫੜ੍ਹਿਆ ਗਿਆ



ਭੁਬਨੇਸ਼ਵਰ, 23 ਫਰਵਰੀ,(ਪੋਸਟ ਬਿਊਰੋ)- ਓਡਿਸ਼ਾ ਦੇ ਇੱਕ ਆਈ ਐਫ ਐਸ ਅਧਿਕਾਰੀ ਦੀ ਪਤਨੀ ਨਾਲ ਹੋਏ ਸਮੂਹਿਕ ਬਲਾਤਕਾਰ ਦੇ ਸਨਸਨੀਖੇਜ਼ ਕੇਸ ਦੇ ਮੁੱਖ ਦੋਸ਼ੀ ਨੂੰ ਘਟਨਾ ਤੋਂ 20 ਸਾਲ ਬਾਅਦ ਮਹਾਰਾਸ਼ਟਰ ਪੁਲਸ ਨੇ ਕੱਲ੍ਹ ਗ੍ਰਿਫ਼ਤਾਰ ਕੀਤਾ ਹੈ। ਉਸ ਘਟਨਾ ਪਿੱਛੋਂ ਓਡਿਸ਼ਾ ਵਿੱਚ ਲੋਕਾਂ ਦੀ ਵੱਡੀ ਪੱਧਰ ਉੱਤੇ ਨਾਰਾਜ਼ਗੀ ਪਿੱਛੋਂ ਉਦੋਂ ਦੇ ਮੁੱਖ ਮੰਤਰੀ ਜੇ ਬੀ ਪਟਨਾਇਕ ਨੂੰ ਅਸਤੀਫਾ ਦੇਣਾ ਪਿਆ ਅਤੇ ਕੇਸ ਦੀ ਜਾਂਚ ਸੀ ਬੀ ਆਈ ਨੂੰ ਸੌਂਪੀ ਗਈ ਸੀ।

ਓਡਿਸ਼ਾ ਦੇ ਕੱਟਕ ਦੇ ਪੁਲਸ ਕਮਿਸ਼ਨਰ ਐਸ ਸਾਰੰਗੀ ਨੇ ਦੱਸਿਆ ਕਿ ਬਿਬੇਕਾਨੰਦ ਬਿਸਵਾਲ ਉਰਫ਼ ਬਿਬਨ ਨੂੰ ਮਹਾਰਾਸ਼ਟਰ ਦੇ ਲੋਨਾਵਾਲਾ ਦੀ ਐਂਬੀ ਵੈਲੀ ਤੋਂ ਗ੍ਰਿਫ਼ਤਾਰ ਕੀਤਾ ਗਿਆ ਹੈ। ਬਿਬਨ ਇੱਥੇ ਜਲੰਧਰ ਸਵੈਨ ਦੇ ਨਾਂਅ ਦੀ ਫਰਜ਼ੀ ਪਛਾਣ ਨਾਲ ਪਲੰਬਰ ਵਜੋਂ ਕੰਮ ਕਰ ਰਿਹਾ ਸੀ। ਉਸ ਨੂੰ ਫੜਨ ਲਈ ਤਿੰਨ ਮਹੀਨੇ ਪਹਿਲਾਂ 'ਆਪ੍ਰੇਸ਼ਨ ਸਾਈਲੈਂਟ ਵਾਈਪਰ'ਸ਼ੁਰੂ ਕੀਤਾ ਗਿਆ ਸੀ, ਜਿਸ ਨਾਲ ਉਸ ਦੀ ਗ੍ਰਿਫ਼ਤਾਰੀ ਹੋ ਸਕੀ। ਪੁਲਸ ਬਿਬਨ ਨੂੰ ਸੀ ਬੀ ਆਈ ਦੇ ਹਵਾਲੇ ਕਰੇਗੀ, ਜੋ ਉਸ ਨੂੰ ਬਾਕਾਇਦਾ ਗ੍ਰਿਫ਼ਤਾਰ ਕਰੇਗੀ। ਬਲਾਤਾਕਰ ਦਾ ਸ਼ਿਕਾਰ ਹੋਈ ਆਈ ਐਫ ਐਸ ਅਫਸਰ ਦੀ ਪਤਨੀ ਨੇ ਦੋਸ਼ੀ ਨੂੰ ਮੌਤ ਦੀ ਸਜ਼ਾ ਦਿੱਤੇ ਜਾਣ ਦੀ ਮੰਗ ਕੀਤੀ ਹੈ।

ਇਹ ਘਟਨਾ 9-10 ਜਨਵਰੀ 1999 ਦੀ ਦਰਮਿਆਨੀ ਰਾਤ ਵਾਪਰੀ ਸੀ, ਜਦੋਂ ਤਿੰਨ ਬਦਮਾਸ਼ਾਂ ਨੇ ਬਾਰੰਗਾ ਨੇੜੇ ਉਕਤ ਔਰਤ ਦੀ ਕਾਰ ਨੂੰ ਰੋਕ ਲਿਆ ਅਤੇ ਉਸ ਨਾਲ ਬਲਾਤਕਾਰ ਕੀਤਾ ਸੀ। ਔਰਤ ਆਪਣੇ ਪੱਤਰਕਾਰ ਦੋਸਤ ਨਾਲ ਕਾਰ ਰਾਹੀਂ ਕਟਕ ਜਾ ਰਹੀ ਸੀ। ਤਿੰਨ ਮੁਲਜ਼ਮਾਂ ਵਿੱਚੋਂ ਦੋ ਨੂੰ ਗ੍ਰਿਫ਼ਤਾਰ ਕਰ ਕੇ ਦੋਸ਼ੀ ਕਰਾਰ ਦਿੱਤਾ ਜਾ ਚੁੱਕਾ ਹੈ। ਦੋਸ਼ੀ ਪ੍ਰਦੀਪ ਦੀ ਪਿਛਲੇ ਸਾਲ ਫਰਵਰੀ ਵਿੱਚ ਮੌਤ ਹੋ ਗਈ ਸੀ। ਪੁਲਸ ਨੇ 15 ਜਨਵਰੀ 1999 ਨੂੰ ਉਸ ਨੂੰ ਗ੍ਰਿਫ਼ਤਾਰ ਕੀਤਾ ਸੀ। ਦੂਜਾ ਦੋਸ਼ੀ ਟੂਨਾ ਮੋਹੰਤੀ ਕੁਝ ਸਮੇਂ ਬਾਅਦ ਗ੍ਰਿਫ਼ਤਾਰ ਕਰ ਲਿਆ ਸੀ। 2020 ਵਿੱਚ ਖੁਰਦਾ ਦੇ ਜ਼ਿਲ੍ਹਾ ਜੱਜ ਨੇ ਦੋਹਾਂ ਨੂੰ ਦੋਸ਼ੀ ਕਰਾਰ ਦੇ ਕੇ ਉਮਰਕੈਦ ਦੀ ਸਜ਼ਾ ਸੁਣਾਈ ਸੀ। ਹਾਈ ਕੋਰਟ ਨੇ ਇਸ ਫੈਸਲੇ ਨੂੰ ਕਾਇਮ ਰੱਖਿਆ ਸੀ।

# ਐਲਗਾਰ ਕੇਸ ਵਿੱਚ ਵਰਵਰਾ ਰਾਓ ਨੂੰ ਜ਼ਮਾਨਤ ਮਿਲੀ



ਮੁੰਬਈ, 23 ਫਰਵਰੀ (ਪੋਸਟ ਬਿਊਰੋ)- ਬੰਬੇ ਹਾਈ ਕੋਰਟ ਨੇ ਬਿਮਾਰ ਕਵੀ ਤੇ ਕਾਰਕੁਨ ਵਰਵਰਾ ਰਾਓ ਨੂੰ ਐਲਗਾਰ ਪ੍ਰੀਸ਼ਦ-ਮਾਓਵਾਦੀ ਲਿੰਕ ਕੇਸ 'ਚ ਛੇ ਮਹੀਨੇ ਲਈ ਜ਼ਮਾਨਤ ਦੇ ਦਿੱਤੀ ਹੈ। ਅਦਾਲਤ ਨੇ 82 ਸਾਲਾ ਰਾਓ ਨੂੰ ਜ਼ਮਾਨਤ ਦੇਣ ਵੇਲੇ ਉਨ੍ਹਾਂ ਦੀ ਸਿਹਤ ਠੀਕ ਨਾ ਹੋਣ ਦਾ ਹਵਾਲਾ ਦਿੱਤਾ ਹੈ।

ਹਾਈ ਕੋਰਟ ਨੇ ਕਿਹਾ ਉਹ ਮੂਕ ਦਰਸ਼ਕ ਬਣੇ ਨਹੀਂ ਰਹਿ ਸਕਦੇ। ਜਸਟਿਸ ਐਸ ਐਸ ਸ਼ਿੰਦੇ ਤੇ ਜਸਟਿਸ ਮਨੀਸ਼ ਪਿਤਾਲੇ ਦੀ ਬੈਂਚ ਨੇ ਕਿਹਾ ਕਿ ਇਸ ਵਿੱਚ ਕੋਈ ਸ਼ੱਕ ਨਹੀਂ ਹੈ ਕਿ ਰਾਓ ਦੀ ਜਿਸ ਤਰ੍ਹਾਂ ਦੀ ਹਾਲਤ ਹੈ, ਇਸ ਵਿੱਚ ਜੇ ਉਹ ਹਿਰਾਸਤ ਵਿੱਚ ਰਹੇ ਤਾਂ ਬਿਮਾਰੀ ਵਧਦੀ ਜਾਵੇਗੀ। ਹਾਈ ਕੋਰਟ ਨੇ ਨਾਲ ਹੀ ਕਿਹਾ ਕਿ ਤਾਲੋਜੀ ਜੇਲ੍ਹ ਹਸਪਤਾਲ ਵਿੱਚ ਇਲਾਜ ਲਈ ਸਹੂਲਤਾਂ ਕਾਫੀ ਨਹੀਂ। ਰਾਓ ਇਸ ਵੇਲੇ ਇੱਕ ਪ੍ਰਾਈਵੇਟ ਨਾਨਾਵਤੀ ਹਸਪਤਾਲ ਵਿੱਚ ਦਾਖਲ ਹਨ। ਵਰਵਰਾ ਰਾਓ 28 ਅਗਸਤ 2018 ਤੋਂ ਹਿਰਾਸਤ ਵਿੱਚ ਹਨ ਤੇ ਸੁਣਵਾਈ ਉਡੀਕ ਰਹੇ ਹਨ। ਕੌਮੀ ਜਾਂਚ ਏਜੰਸੀ (ਐਨ ਆਈ ਏ) ਵੱਲੋਂ ਇਸ ਕੇਸ ਦੀ ਜਾਂਚ ਕੀਤੀ ਜਾ ਰਹੀ ਹੈ। ਰਾਓ ਨੂੰ ਛੇ ਮਹੀਨੇ ਲਈ ਜ਼ਮਾਨਤ ਦਿੰਦਿਆਂ ਹਾਈ ਕੋਰਟ ਨੇ ਕਿਹਾ ਕਿ ਉਨ੍ਹਾਂ ਨੂੰ ਇਸ ਦੌਰਾਨ ਸ਼ਹਿਰ ਵਿੱਚ ਐਨ ਆਈ ਏ ਅਦਾਲਤ ਦੇ ਅਧਿਕਾਰ ਖੇਤਰ ਵਿੱਚ ਰਹਿਣਾ ਪਵੇਗਾ। ਹਾਈ ਕੋਰਟ ਨੇ ਕਿਹਾ ਕਿ ਜਦ ਨਾਨਾਵਤੀ ਹਸਪਤਾਲ ਵਰਵਰਾ ਰਾਓ ਨੂੰ ਛੁੱਟੀ ਦੇਵੇ ਤਾਂ ਅਦਾਲਤ ਵੱਲੋਂ ਜ਼ਮਾਨਤ ਮਨਜ਼ੂਰ ਹੋਣ ਦੇ ਕਾਰਨ ਉਨ੍ਹਾਂ ਨੂੰ ਤਾਲੋਜਾ ਜੇਲ੍ਹ ਨਹੀਂ ਭੇਜਿਆ ਜਾਵੇਗਾ। ਰਾਓ ਨੂੰ ਜ਼ਮਾਨਤ ਦਿੰਦਿਆਂ ਹਾਈ ਕੋਰਟ ਨੇ ਐਨ ਆਈ ਏ ਦੀ ਇਹ ਦਲੀਲ ਰੱਦ ਕਰ ਦਿੱਤੀ ਕਿ ਉਹ ਮਨੁੱਖੀ ਆਧਾਰ ਉਤੇ ਰਾਹਤ ਲੈਣ ਦੇ ਹੱਕਦਾਰ ਨਹੀਂ ਹਨ।

ਅਦਾਲਤ ਨੇ ਕਿਹਾ ਕਿ ਜ਼ਮਾਨਤ ਸਮੇਂ ਦੌਰਾਨ ਰਾਓ ਹੋਰਨਾਂ ਦੋਸ਼ੀਆਂ ਨਾਲ ਸੰਪਰਕ ਨਹੀਂ ਕਰਨਗੇ। ਹਾਈ ਕੋਰਟ ਨੇ ਮਹਾਰਾਸ਼ਟਰ ਸਰਕਾਰ ਦੀ ਉਹ ਅਪੀਲ ਵੀ ਰੱਦ ਕਰ ਦਿੱਤੀ, ਜਿਸ ਵਿੱਚ ਕਿਹਾ ਗਿਆ ਸੀ ਕਿ ਰਾਓ ਨੂੰ ਨਾਨਾਵਤੀ ਹਸਪਤਾਲ ਤੋਂ ਛੁੱਟੀ ਮਿਲਣ ਮਗਰੋਂ ਉਸ ਨੂੰ ਸਰਕਾਰੀ ਜੇ ਜੇ ਹਸਪਤਾਲ ਦੇ ਜੇਲ੍ਹ ਵਾਰਡ ਵਿੱਚ ਤਬਦੀਲ ਕੀਤਾ ਜਾਵੇ। ਕੋਰਟ ਨੇ ਕਿਹਾ ਕਿ ਰਾਓ ਨੂੰ ਮੁੰਬਈ ਵਿੱਚ ਨੇੜਲੇ ਥਾਣੇ ਨੂੰ ਦੋ ਹਫਤੇ ਬਾਅਦ ਵਾਟਸਐਪ ਵੀਡੀਓ ਕਾਲ ਕਰਨੀ ਪਵੇਗੀ ਅਤੇ ਬਹੁਤੇ ਲੋਕ ਉਨ੍ਹਾਂ ਨੂੰ ਹਸਪਤਾਲ ਮਿਲਣ ਨਹੀਂ ਆ ਸਕਣਗੇ। ਅਦਾਲਤ ਨੇ ਕਿਹਾ ਕਿ ਜ਼ਮਾਨਤ ਦਾ ਸਮਾਂ ਮੁੱਕਣ 'ਤੇ ਰਾਓ ਨੂੰ ਜਾਂ ਐਨ ਆਈ ਏ ਅਦਾਲਤ ਅੱਗੇ ਸਮਰਪਣ ਕਰਨਾ ਪਵੇਗਾ ਜਾਂ ਜ਼ਮਾਨਤ ਵਿੱਚ ਵਾਧੇ ਲਈ ਹਾਈ ਕੋਰਟ ਵਿੱਚ ਅਰਜ਼ੀ ਦੇਣੀ ਪਵੇਗੀ।

ਐਲਗਾਰ ਪ੍ਰੀਸ਼ਦ ਕੇਸ ਪੂਣੇ ਵਿੱਚ 31 ਦਸੰਬਰ 2017 ਨੂੰ ਦਿੱਤੇ ਭਾਸ਼ਣਾਂ ਨਾਲ ਜੁੜਿਆ ਹੋਇਆ ਹੈ। ਪੁਲਸ ਨੇ ਦਾਅਵਾ ਕੀਤਾ ਸੀ ਕਿ ਇਨ੍ਹਾਂ ਭਾਸ਼ਣਾਂ ਕਾਰਨ ਕੋਰੇਗਾਓਂ-ਭੀਮਾ ਜੰਗੀ ਯਾਦਗਾਰ (ਮਹਾਰਾਸ਼ਟਰ) ਕੋਲ ਹਿੰਸਾ ਹੋਈ ਸੀ। ਦਾਅਵਾ ਕੀਤਾ ਗਿਆ ਸੀ ਕਿ ਸੰਮੇਲਨ ਵਿੱਚ ਸ਼ਾਮਲ ਲੋਕਾਂ ਦਾ ਮਾਓਵਾਦੀਆਂ ਨਾਲ ਵੀ ਤਾਲਮੇਲ ਹੈ।ਅਦਾਲਤ ਨੇ ਕਿਹਾ ਕਿ 'ਸੰਵਿਧਾਨਕ ਕੋਰਟ ਹੁੰਦਿਆਂ ਉਹ ਮੂਕ ਦਰਸ਼ਕ ਨਹੀਂ ਬਣ ਸਕਦੇ ਕਿ ਪਹਿਲਾਂ ਕੇਸ ਦਾ ਸਾਹਮਣਾ ਕਰ ਰਹੇ ਰਾਓ ਨੂੰ ਜੇਲ੍ਹ ਅਤੇ ਮਗਰੋਂ ਸਰਕਾਰੀ ਹਸਪਤਾਲਾਂ ਵਿੱਚ ਭੇਜਿਆ ਜਾਣਾ ਹੀ ਬੱਸ ਦੇਖਦੇ ਰਹੋ, ਜਿੱਥੇ ਉਨ੍ਹਾਂ ਦੀ ਹਾਲਤ ਹੋਰ ਵਿਗੜ ਗਈ।' ਬੈਂਚ ਨੇ ਕਿਹਾ ਕਿ ਰਾਓ ਨੂੰ ਤਾਲੋਜਾ ਜੇਲ੍ਹ ਭੇਜਣਾ ਉਨ੍ਹਾਂ ਦੀ 'ਜਾਨ ਲਈ ਖਤਰਾ ਬਣ ਸਕਦਾ ਹੈ'', ਇਹ ਸਿਹਤ ਅਤੇ ਜੀਵਨ ਦੇ ਬੁਨਿਆਦੀ ਹੱਕਾਂ ਦੀ ਵੀ ਉਲੰਘਣਾ ਹੋਵੇਗੀ।

# ਗਲਵਾਨ ਝੜਪ ਵਿੱਚ ਚੀਨੀ ਫੌਜੀਆਂ ਦੀ ਮੌਤ ਉੱਤੇ ਕਿੰਤੂ ਕਰਨ ਵਾਲੇ ਤਿੰਨ ਪੱਤਰਕਾਰ ਗ੍ਰਿਫ਼ਤਾਰ



ਪੇਈਚਿੰਗ , 23 ਫਰਵਰੀ (ਪੋਸਟ ਬਿਊਰੋ)- ਪਿਛਲੇ ਦਿਨੀਂ ਚੀਨ ਨੇ ਸਰਕਾਰੀ ਤੌਰ ਉੱਤੇ ਇਹ ਮੰਨਿਆ ਸੀ ਕਿ ਪਿਛਲੇ ਸਾਲ ਪੂਰਬੀ ਲੱਦਾਖ ਦੇ ਗਲਵਾਨ ਘਾਟੀ ਇਲਾਕੇ ਵਿੱਚ ਉਸ ਵਿੱਚ ਉਸਦੇ ਚਾਰ ਫੌਜੀ ਮਾਰੇ ਗਏ ਸਨ। ਇਸ ਕੇਸ ਵਿੱਚ ਸਾਹਮਣੇ ਆਈਆਂ ਕਈਆਂ ਰਿਪੋਰਟਾਂ ਦੇ ਮੁਕਾਬਲੇ ਮਰਨ ਵਾਲੇ ਫੌਜੀਆਂ ਦੀ ਗਿਣਤੀ ਕੇਵਲ ਚਾਰ ਦੱਸੇ ਜਾਣ ਉੱਤੇ ਚੀਨ ਦੇ ਕੁਝ ਪੱਤਰਕਾਰਾਂ ਨੇ ਸ਼ੱਕਪ੍ਰਗਟ ਕਰਦੇ ਹੋਏ ਸਵਾਲ ਉਠਾਏ ਸਨ, ਜਿਸ ਦੇ ਜਵਾਬ ਵਿੱਚ ਚੀਨ ਨੇ ਆਪਣੇ ਹੀ ਦੇਸ਼ ਦੇ ਤਿੰਨ ਪੱਤਰਕਾਰਾਂ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਇਨ੍ਹਾਂ ਪੱਤਰਕਾਰਾਂ ਉੱਤੇ'ਫੌਜੀਆਂ ਦੀ ਸ਼ਹਾਦਤ ਦਾ ਅਪਮਾਨ' ਕਰਨ ਦਾ ਦੋਸ਼ ਲਾਇਆ ਗਿਆ ਹੈ ਅਤੇ ਅਗਲੀ ਕਾਰਵਾਈ ਜਾਰੀ ਹੈ।

ਪਤਾ ਲੱਗਾ ਹੈ ਕਿ ਗ੍ਰਿਫ਼ਤਾਰ ਲੋਕਾਂ ਵਿੱਚ ਕਿਊ ਜਿਮਿੰਗ ਅਤੇ ਦੋ ਬਲਾਗਰ ਸ਼ਾਮਲ ਹਨ। ਕਿਊ ਜਿਮਿੰਗ ਨੇ ਚੀਨ ਦੇ ਅੰਕੜਿਆਂ ਬਾਰੇ ਸੋਸ਼ਲ ਮੀਡੀਆ ਉੱਤੇ ਟਿੱਪਣੀ ਕੀਤੀ ਸੀ। ਇਸਦੇ ਨਾਲ ਉਨ੍ਹਾਂ ਨੇ ਇਹ ਅੰਕੜਾ ਇੰਨੀ ਦੇਰ ਬਾਅਦ ਜਾਰੀ ਕਰਨ ਉੱਤੇ ਵੀ ਸਵਾਲ ਕੀਤਾ ਅਤੇ ਚੀਨੀ ਸੋਸ਼ਲ ਮੀਡੀਆ ਪਲੇਟਫਾਰਮ ਉੱਤੇ ਲਿਖਿਆ ਸੀ, 'ਭਾਰਤ ਦੇ ਨਜ਼ਰੀਏ ਤੋਂ ਦੇਖਿਆ ਜਾਵੇ ਤਾਂ ਉਹ ਜਿੱਤ ਵੀ ਗਏ ਤੇ ਕੀਮਤ ਵੀ ਘੱਟ ਚੁਕਾਈ।' ਇਸ ਦੇ ਬਾਅਦ ਉਸ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਦੱਸ ਦੇਈਏ ਕਿ ਇੱਕ ਅਮਰੀਕੀ ਖੁਫੀਆ ਰਿਪੋਰਟ ਵਿੱਚ ਦਾਅਵਾ ਕੀਤਾ ਗਿਆ ਕਿ ਇਸ ਝੜਪ ਵਿੱਚ ਚੀਨ ਦੇ ਘੱਟ ਤੋਂ ਘੱਟ 35 ਫੌਜੀ ਮਾਰੇ ਗਏ ਸਨ, ਪਰ ਚੀਨ ਇਸ ਗੱਲ ਨੂੰ ਨਹੀਂ ਮੰਨਦਾ।

# ਭਾਰਤ ਵੱਲੋਂ ਮਾਰੀਸ਼ਸ ਨੂੰ 10 ਕਰੋੜ ਡਾਲਰ ਰੱਖਿਆ ਕਰਜ਼ ਦੇਣ ਦੀ ਪੇਸ਼ਕਸ਼



ਪੋਰਟ ਲੁਈਸ, 23 ਫਰਵਰੀ (ਪੋਸਟ ਬਿਊਰੋ)- ਭਾਰਤ ਦੇ ਵਿਦੇਸ਼ ਮੰਤਰੀ ਐਸ ਜੈਸ਼ੰਕਰ ਅਤੇ ਮਾਰੀਸ਼ਸ ਦੇ ਪ੍ਰਧਾਨ ਮੰਤਰੀ ਪ੍ਰਵਿੰਦ ਜਗਨਾਥ ਵਿਚਾਲੇ ਹੋਈ ਗੱਲਬਾਤ ਦੇ ਬਾਅਦ ਭਾਰਤ ਨੇ ਕੱਲ੍ਹ ਰੱਖਿਆ ਜਾਇਦਾਦ ਦੀ ਖਰੀਦ ਕਰਨ ਵਿੱਚ ਸਹਾਇਤਾ ਕਰਨ ਲਈ ਮਾਰੀਸ਼ਸ ਨੂੰ 10 ਕਰੋੜ ਡਾਲਰ ਕਰਜ਼ਾ ਦੇਣ ਦੀ ਪੇਸ਼ਕਸ਼ ਕੀਤੀ ਅਤੇ ਦੋਵਾਂ ਦੇਸ਼ਾਂ ਨੇ ਵਿਆਪਕ ਆਰਥਿਕ ਸਹਿਯੋਗ ਭਾਈਵਾਲੀ ਸਮਝੌਤੇ ਉੱਤੇ ਦਸਤਖ਼ਤ ਕੀਤੇ ਹਨ। ਇਸ ਸੰਬੰਧ ਵਿੱਚ ਵਿਦੇਸ਼ ਮੰਤਰੀ ਜੈਸ਼ੰਕਰ ਨੇ ਟਵੀਟ ਕੀਤਾ ਕਿ ਸਮੁੰਦਰ ਬਾਰੇ ਨੀਤੀ ਦੀ ਵਚਨਬੱਧਤਾ ਪ੍ਰਗਟ ਕੀਤੀ ਗਈ ਅਤੇ ਪ੍ਰਧਾਨ ਮੰਤਰੀ ਪ੍ਰਵਿੰਦ ਜਗਨਾਥ ਦੇ ਨਾਲ ਗੱਲਬਾਤ ਵਿੱਚ 10 ਕਰੋੜ ਡਾਲਰ ਰੱਖਿਆ ਕਰਜਾ ਦੇਣ ਦਾ ਪ੍ਰਸਾਤਵ ਦਿੱਤਾ ਗਿਆ ਹੈ। ਇਸ ਨਾਲ ਮਾਰੀਸ਼ਸ ਨੂੰ ਆਪਣੀਆਂ ਜ਼ਰੂਰਤਾਂ ਲਈ ਰੱਖਿਆ ਜਾਇਦਾਦ ਖਰੀਦਣ 'ਚ ਮਦਦ ਮਿਲੇਗੀ। ਦੋਵਾਂ ਦੇਸ਼ਾਂ ਨੇ ਮਾਰੀਸ਼ਸ ਵਾਸਤੇ ਸਮੁੰਦਰੀ ਨਿਗਰਾਨੀ ਦੀ ਸਮਰੱਥਾ ਵਧਾਉਣ ਲਈ ਭਾਰਤ ਵੱਲੋਂ ਡੋਰਨੀਅਰ ਹਵਾਈ ਜਹਾਜ਼ ਅਤੇ ਧਰੁਵ ਹੈਲੀਕਾਪਟਰ ਦੇ ਪ੍ਰਬੰਧਾਂ ਉੱਤੇ ਪੱਤਰਾਂ ਦਾ ਵਟਾਂਦਰਾ ਕੀਤਾ ਹੈ। ਜੈਸ਼ੰਕਰ ਨੇ ਇੱਕ ਹੋਰ ਟਵੀਟ ਵਿੱਚ ਕਿਹਾ ਕਿ ਸਾਡੇ ਵਿਸ਼ੇਸ਼ ਸਬੰਧਾਂ ਲਈ ਇਹ ਇੱਕ ਵਿਸ਼ੇਸ਼ ਦਿਨ ਹੈ। ਉਨ੍ਹਾਂ ਅੱਗੇ ਕਿਹਾ ਕਿ ਮਹਾਂਮਾਰੀ ਦੇ ਬਾਅਦ ਆਰਥਿਕ ਸਥਿਤੀ ਠੀਕ ਕਰਨ ਲਈ ਧਿਆਨ ਕੇਂਦਰਤ ਕਰਨ 'ਚ ਮਦਦ ਮਿਲੇਗੀ, ਕਾਰੋਬਾਰ ਦੇ ਵਿਸਥਾਰ ਅਤੇ ਜ਼ਿਆਦਾ ਨਿਵੇਸ਼ ਹੋਵੇਗਾ। ਜੈਸ਼ੰਕਰ, ਜੋ ਆਪਣੇ ਦੋ ਦੇਸ਼ਾਂ ਦੇ ਦੌਰੇ ਦੇ ਆਖ਼ਰੀ ਪੜਾਅ ਵਿੱਚ ਮਾਲਦੀਵ ਤੋਂ ਕੱਲ੍ਹ ਰਾਤ ਮਾਰੀਸ਼ਸ ਪੁੱਜੇ ਸਨ, ਨੇ ਉਨ੍ਹਾਂ ਨੂੰ ਭਾਰਤ 'ਚ ਬਣੀ ਕੋਵਿਡ-19 ਵੈਕਸੀਨ ਦੀਆਂ ਖਰੀਦੀਆਂ 10,000 ਹੋਰ ਖੁਰਾਕਾਂ ਵੀ ਸੌਂਪੀਆਂ। ਉਨ੍ਹਾਂ ਨੇ ਇੱਕ ਹੋਰ ਟਵੀਟ ਵਿੱਚ ਕਿਹਾ ਕਿ ਵੱਖ-ਵੱਖ ਬੁਨਿਆਦੀ ਢਾਂਚਿਆਂ ਦੇ ਅਮਲ ਦੀ ਸਥਿਤੀ ਉੱਤੇ ਵਿਵਥਾਰਤ ਵਿਚਾਰ ਚਰਚਾ ਕੀਤੀ ਤੇਇਸ ਨੂੰ ਅੱਗੇ ਲੈ ਕੇ ਜਾਣ ਲਈ ਮਾਰੀਸ਼ਸ ਦੀ ਸਮਰੱਥਾ ਦੀ ਸ਼ਲਾਘਾ ਕੀਤੀ।

## ਵਾਇਰਲੈਸ ਬਿਜਲੀ ਦੀ ਤਿਆਰੀ:

# ਨਿਊਜ਼ੀਲੈਂਡ-ਮਾਈਕ੍ਰੋਵੇਵ ਦੀ ਪਤਲੀ ਬੀਮ ਵਿੱਚ ਬਿਜਲੀ ਪਹੁੰਚੇਗੀ



ਆਕਲੈਂਡ, 23 ਫਰਵਰੀ (ਪੋਸਟ ਬਿਊਰੋ)- ਬਿਨਾਂ ਤਾਰਾਂ ਦੇ ਬਿਜਲੀ ਦੀ ਸਪਲਾਈ ਅੱਜ ਤੱਕ ਸਿਰਫ ਕਲਪਨਾ ਲੱਗਦੀ ਸੀ, ਪਰ ਨਿਊਜ਼ੀਲੈਂਡ ਦੀ ਇੱਕ ਫਰਮ ਐਮਰੋਡ, ਊਰਜਾ ਡਿਸਟ੍ਰੀਬਿਊਸ਼ਨ ਕੰਪਨੀ ਪਾਵਰਕੋ ਅਤੇ ਟੇਸਲਾ ਮਿਲ ਕੇ ਇਸ ਦਾ ਟਰਾਇਲ ਆਉਣ ਵਾਲੇ ਮਹੀਨਿਆਂ ਵਿੱਚ ਕਰਨ ਜਾ ਰਹੇ ਹਨ। ਇਹ ਤਿੰਨੇ ਆਕਲੈਂਡ ਉਤਰੀ ਟਾਪੂ ਵਿਚਲੇ ਇੱਕ ਸੋਲਰ ਫਾਰਮ ਤੋਂ ਕਈ ਕਿਲੋਮੀਟਰ ਦੂਰ-ਦੁਰਾਡੇ ਬਸਤੀਆਂ ਵਿੱਚ ਬੀਮ ਐਨਰਜੀ ਦੇ ਜ਼ਰੀਏ ਬਿਜਲੀ ਪਹੁੰਚਾਉਣ ਦੀ ਤਿਆਰੀ ਕਰ ਰਹੇ ਹਨ। ਇਸ ਟੈਕਨਾਲੋਜੀ ਨਾਲ ਮਾਈਕ੍ਰੋਵੇਵ ਦੀ ਬਹੁਤ ਪਤਲੀ ਬੀਮ ਵਜੋਂ ਬਿਜਲੀ ਪਹੁੰਚਾਈ ਜਾਏਗੀ। ਪਾਵਰ ਬੀਮਿੰਗ ਦੀ ਇਸ ਪ੍ਰਕਿਰਿਆ ਦਾ ਪਹਿਲਾਂ ਵੀ ਇਸਤੇਮਾਲ ਕੀਤਾ ਜਾ ਚੁੱਕਾ ਹੈ।

ਸਾਲ 1975 ਵਿੱਚ ਅਮਰੀਕੀ ਪੁਲਾੜ ਏਜੰਸੀ ਨਾਸਾ ਨੇ ਮਾਈਕ੍ਰੋਵੇਵ ਦੇ ਰਾਹੀਂ 1.6 ਕਿਲੋਮੀਟਰ ਦੂਰ ਤੱਕ 35.6 ਕਿਲੋਵਾਟ ਬਿਜਲੀ ਭੇਜਣ ਦਾ ਰਿਕਾਰਡ ਬਣਾਇਆ ਸੀ। ਇਸ ਦਾ ਇਸਤੇਮਾਲ ਕਾਰੋਬਾਰ ਦੇ ਲਈ ਨਹੀਂ ਕੀਤਾ ਗਿਆ। ਐਮਰੋਡ ਕੰਪਨੀ ਦੇ ਫਾਊਂਡਰ ਗ੍ਰੇਗ ਕੁਸ਼ਨਿਰ ਨੇ ਦੱਸਿਆ ਕਿ ਅਸੀਂ ਸ਼ੁਰੂ ਵਿੱਚ 1.8 ਕਿਲੋਮੀਟਰ ਤੱਕ ਕੁਝ ਕਿਲੋਵਾਟ ਬਿਜਲੀ ਭੇਜਾਂਗੇ। ਹੌਲੀ-ਹੌਲੀ ਦੂਰੀ ਤੇ ਪਾਵਰ ਦਾ ਵਾਧਾ ਕਰਾਂਗੇ। ਉਨ੍ਹਾਂ ਨੇ ਦੱਸਿਆ ਕਿ ਇਸ ਨਾਲ ਦੂਰ ਦੁਰਾਡੇ ਖੇਤਰਾਂ ਵਿੱਚ ਬਿਜਲੀ ਭੇਜਣ ਲਈ ਤਾਰਾਂ ਦੇ ਖਰਚ ਤੋਂ ਰਾਹਤ ਮਿਲੇਗੀ। ਕੁਸ਼ਨਿਰ ਦੇ ਮੁਤਾਬਕ ਬਿਨਾਂ ਤਾਰਾਂ ਦੇ ਬਿਜਲੀ ਦੇਣ ਦੀਆਂ ਦੋ ਹੋਰ ਟੈਕਨਾਲੋਜੀਜ਼ 'ਤੇ ਵੀ ਉਨ੍ਹਾਂ ਦੀ ਕੰਪਨੀ ਕੰਮ ਕਰ ਰਹੀ ਹੈ।

## ਗਲਾਸਗੋ ਦੁਨੀਆ ਦਾ ਸਭ ਤੋਂ ਵੱਧ ਮਿੱਤਰਤਾਪੂਰਨ ਸ਼ਹਿਰ

ਗਲਾਸਗੋ, 23 ਫਰਵਰੀ (ਪੋਸਟ ਬਿਊਰੋ)- ਸਕਾਟਲੈਂਡ ਦੇ ਸ਼ਹਿਰ ਗਲਾਸਗੋ ਨੂੰ ਜਨਤਕ ਵੋਟਾਂ ਨਾਲ ਦੁਨੀਆ ਦਾ ਸਭ ਤੋਂ ਵੱਧ ਮਿੱਤਰਤਾਪੂਰਨ ਸ਼ਹਿਰ ਮੰਨਿਆ ਗਿਆ ਹੈ। ਇਸ ਸ਼ਹਿਰ ਨੇ ਇਹ ਖਿਤਾਬ ਆਪਣੇ ਨਾਂ ਕਰਨ ਲਈ ਡਬਲਿਨ, ਬੁੱਡਾਪੇਸਟ, ਵੈਨਕੂਵਰ, ਟੋਕੀਓ, ਕੋਪੇਨਹੇਗਨ ਅਤੇ ਮੈਲਬੌਰਨ ਵਰਗੇ ਸ਼ਹਿਰਾਂ ਨਾਲ ਮੁਕਾਬਲਾ ਕੀਤਾ ਹੈ। ਦੁਨੀਆ ਭਰ ਦੇ ਸ਼ਹਿਰਾਂ ਦਾ ਇਹ ਸਰਵੇ ਇੱਕ ਟਰੈਵਲ ਫਰਮ 'ਰਫ ਗਾਈਡਜ਼' ਕਰਾਇਆ ਸੀ ਅਤੇ ਇਸ ਲਈ ਫੇਸਬੁੱਕ ਅਤੇ ਟਵਿੱਟਰ ਉੱਤੇ ਆਪਣੇ ਫਾਲੋਅਰਜ਼ ਨੂੰ ਵੋਟ ਦੇਣ ਨੂੰ ਕਿਹਾ ਸੀ। ਗਲਾਸਗੋ ਨੂੰ ਦੂਜੀ ਵਾਰ ਰਫ ਗਾਈਡਜ਼ ਦੇ ਪਾਠਕਾਂ ਨੇ ਦੁਨੀਆ ਦਾ ਸਭ ਤੋਂ ਪਿਆਰਾ ਸ਼ਹਿਰ ਚੁਣਿਆ ਹੈ। ਇਸ ਤੋਂ ਪਹਿਲਾਂ ਵੀ 2014 ਵਿੱਚ ਗਲਾਸਗੋ ਨੇ ਇਹ ਇਨਾਮ ਜਿੱਤਿਆ ਸੀ। ਸੋਸ਼ਲ ਮੀਡੀਆ ਯੂਜ਼ਰਜ਼ ਨੂੰ ਵੋਟਾਂ ਦੀ ਇਸ ਪ੍ਰਕਿਰਿਆ ਵਿੱਚ 15 ਦੇਸ਼ਾਂ ਦੀ ਸੂਚੀ ਵਿੱਚੋਂ ਪਸੰਦ ਦੇ ਸ਼ਹਿਰ ਲਈ ਵੋਟ ਪਾਉਣ ਨੂੰ ਕਿਹਾ ਗਿਆ ਸੀ।

# ਬ੍ਰਿਟਿਸ਼ ਫੌਜੀਆਂ ਨੂੰ ਚਿਤਾਵਨੀ; ਸੱਪਾਂ ਦਾ ਖ਼ੂਨ ਨਾ ਪੀਣ, ਜਿੰਦਾ ਬਿੱਛੂ ਖਾਣ ਤੋਂ ਪ੍ਰਹੇਜ਼ ਕਰਨ ਨੂੰ ਕਿਹਾ

ਲੰਡਨ, 23 ਫਰਵਰੀ (ਪੋਸਟ ਬਿਊਰੋ)- ਖੁਦ ਨੂੰ ਹਰ ਹਾਲਤ ਜਿੰਦਾ ਰੱਖਣ ਲਈ ਕੋਬਰਾ ਵਰਗੇ ਜ਼ਹਿਰੀਲੇ ਸੱਪਾਂ ਦਾ ਖੂਨ ਪੀਣ ਅਤੇ ਜਿੰਦਾ ਬਿੱਛੂ ਖਾਣ ਵਾਲੇ ਦੁਨੀਆ ਭਰ ਦੇ ਫੌਜੀਆਂ ਲਈ ਅਣਸੁਖਾਵੀਂ ਖ਼ਬਰ ਹੈ।

ਪਸ਼ੂਆਂ ਦੇ ਅਧਿਕਾਰਾਂ ਲਈ ਕੰਮ ਕਰਨ ਵਾਲੀ ਸੰਸਥਾ 'ਪੀਟਾ' ਨੇ ਬ੍ਰਿਟੇਨ ਦੇ ਰੱਖਿਆ ਮੰਤਰੀ ਨੂੰ ਪੱਤਰ ਲਿਖ ਕੇ ਸਾਵਧਾਨ ਕੀਤਾ ਹੈ ਕਿ ਕੋਰੋਨਾ ਵਾਇਰਸ ਖਤਰੇ ਵਿੱਚ ਇਸ ਤਰ੍ਹਾਂ ਦੀ ਪ੍ਰਥਾ ਨਾਲ ਸੱਪਾਂ ਅਤੇ ਹੋਰ ਜੀਵਾਂ ਵਿੱਚੋਂ ਕੋਵਿਡ-19 ਵਰਗੇ ਵਾਇਰਸ ਜਾਂ ਪਸ਼ੂਆਂ ਤੋਂ ਇਨਸਾਨਾਂ ਦੇ ਸਰੀਰ ਵਿੱਚ ਜਾਣ ਵਾਲੀਆਂ ਬਿਮਾਰੀਆਂ ਫੌਜੀਆਂ ਦੇ ਸਰੀਰ ਵਿੱਚ ਦਾਖਲ ਹੋ ਸਕਦੀਆਂ ਹਨ। ਅਸਲ ਵਿੱਚ ਹਰ ਸਾਲ ਦੁਨੀਆ ਭਰ ਤੋਂ ਫੌਜੀ ਥਾਇਲੈਂਡ ਵਿੱਚ ਹੋਣ ਵਾਲੇ ਕੋਬਰਾ ਗੋਲਡ ਮਿਲਟਰੀ ਡ੍ਰਿਲ ਵਿੱਚ ਹਿੱਸਾ ਲੈਣ ਲਈ ਉਥੇ ਜਾਂਦੇ ਹਨ। ਇਸ ਦੌਰਾਨ ਇਹ ਫੌਜੀ ਅਸਾਧਾਰਨ ਜਿੰਦਾ ਜਾਨਵਰਾਂ ਨੂੰ ਮਾਰਨ ਅਤੇ ਫਿਰ ਉਨ੍ਹਾਂ ਨੂੰ ਖਾਣ ਦਾ ਅਭਿਆਸ ਕਰਦੇ ਹਨ ਤਾਂ ਕਿ ਉਹ ਜਿੰਦਾ ਰਹਿ ਸਕਣ। ਓਥੇ



ਇਹ ਫੌਜੀ ਫੀਲਡ ਟਰੇਨਿੰਗ ਦੌਰਾਨ ਸੱਪ ਦਾ ਖੂਨ ਪੀਂਦੇ ਹਨ, ਬਿੱਛੂ ਜਾਂ ਕਿਰਲੀ ਨੂੰ ਜਿੰਦਾ ਖਾਣ ਦਾ ਅਭਿਆਸ ਕਰਦੇ ਹਨ। ਪੇਟਾ ਨੇ ਚਿਤਾਵਨੀ ਦਿੱਤੀ ਹੈ ਕਿ ਸੱਪ ਦਾ ਖੂਨ ਪੀਣ ਜਾਂ ਉਨ੍ਹਾਂ ਨੂੰ ਜਿੰਦਾ ਖਾਣ ਨਾਲ ਕੋਰੋਨਾ ਵਰਗੇ ਵਾਇਰਸ ਜਾਂ ਪਸ਼ੂਆਂ ਦੀਆਂ ਕੁਝ ਬਿਮਾਰੀਆਂ ਵੀ ਇਨਸਾਨਾਂ ਦੇ ਸਰੀਰ ਵਿੱਚ ਦਾਖਲ ਹੋ ਸਕਦੀਆਂ ਹਨ।

ਵਰਨਣ ਯੋਗ ਹੈ ਕਿ ਪਿਛਲੇ ਸਾਲ ਕਰਵਾਈ ਗਈ ਕੋਬਰਾ ਗੋਲਡ ਮਿਲਟਰੀ ਡ੍ਰਿਲ ਵਿੱਚ ਅਮਰੀਕੀ ਫੌਜੀਆਂ ਨੂੰ ਕਿਰਲੀ ਅਤੇ ਬਿੱਛੂ ਦੀ ਸਕਿਨ ਉਤਾਰਦੇ ਹੋਏ ਉਨ੍ਹਾਂ ਨੂੰ ਜਿੰਦਾ ਖਾਂਦੇ ਕੈਮਰੇ ਵਿੱਚ ਕੈਦ ਕੀਤਾ ਗਿਆ ਸੀ। ਇਹੀ ਨਹੀਂ ਡ੍ਰਿਲ ਦੌਰਾਨ ਇੱਕ ਸੱਪ ਨੂੰ ਮਾਰ ਕੇ ਉਸ ਦੇ ਸਿਰ 'ਚੋਂ ਨਿਕਲਦੇ ਹੋਏ ਖੂਨ ਨੂੰ ਫੌਜੀਆਂ ਨੇ ਆਪਸ ਵਿੱਚ ਵੰਡ ਕੇ ਪੀਤਾ ਸੀ। ਇਸ ਦੀਆਂ ਤਸਵੀਰਾਂ ਵਾਇਰਲ ਹੋਣ 'ਤੇ ਲੋਕਾਂ ਨੇ ਤਿੱਖੀ ਪ੍ਰਤੀਕਿਰਿਆ ਦਿੱਤੀ ਸੀ। ਪੇਟਾ ਨੇ ਅਮਰੀਕੀ ਸੀ ਡੀ ਦਾ ਹਵਾਲਾ ਦੇ ਕੇ ਕਿਹਾ ਕਿ 75 ਫੀਸਦੀ ਬਿਮਾਰੀਆਂ ਪਸ਼ੂਆਂ ਤੋਂ ਇਨਸਾਨਾਂ ਵਿੱਚ ਫੈਲ ਰਹੀਆਂ ਹਨ।

ਇੱਕ ਅੰਦਾਜ਼ੇ ਮੁਤਾਬਕ 1970 ਦੇ ਦਹਾਕੇ ਤੋਂ ਅੱਜ ਤੱਕ ਤਿੰਨ ਦਰਜਨ ਲਾਗ ਵਾਲੀਆਂ ਬਿਮਾਰੀਆਂ ਇਨਸਾਨਾਂ ਵੱਲੋਂ ਪਸ਼ੂਆਂ ਦੀ ਰਿਹਾਇਸ਼ ਵਿੱਚ ਛੇੜਛਾੜ ਕਰਨ ਨਾਲ ਫੈਲੀਆਂ। ਇਨ੍ਹਾਂ ਵਿੱਚ ਸਾਰਸ, ਮਰਸ, ਇਬੋਲਾ, ਬਰਡ ਫਲੂ, ਸਵਾਈਨ ਫਲੂ ਅਤੇ ਜੀਕਾ ਵਾਇਰਸ ਆਦਿ ਸ਼ਾਮਲ ਹਨ।

# ਆਸਟਰੇਲੀਆ ਵਿੱਚ ਸਿਡਨੀ ਤੋਂ ਭਾਰਤੀ ਭਾਈਚਾਰੇ ਨੇ ਮਹਾਪੰਚਾਇਤ ਦੀ ਸ਼ੁਰੂਆਤ ਕੀਤੀ

ਸਿਡਨੀ, 23 ਫਰਵਰੀ (ਪੋਸਟ ਬਿਊਰੋ)- ਭਾਰਤ ਸਰਕਾਰ ਦੇ ਤਿੰਨ ਖੇਤੀ ਕਾਨੂੰਨਾਂ ਦੇ ਵਿਰੁੱਧ ਵੱਖ-ਵੱਖ ਰਾਜਾਂ ਵਿੱਚ ਕਿਸਾਨਾਂ ਵੱਲੋਂ ਕੀਤੀਆਂ ਜਾ ਰਹੀਆਂ ਮਹਾਪੰਚਾਇਤਾਂ ਦਾ ਸਿਲਸਿਲਾ ਵਿਦੇਸ਼ਾਂ ਵਿੱਚ ਪਹੁੰਚ ਗਿਆ ਹੈ।

ਆਸਟਰੇਲੀਆ ਵਿੱਚ ਇਸਦੀ ਸ਼ੁਰੂਆਤ ਸਿਡਨੀ ਸ਼ਹਿਰ ਦੇ ਬਲੈਕਟਾਊਨ ਤੋਂ ਹੋ ਗਈ ਹੈ। ਓਥੇ ਕੱਲ੍ਹ ਹੋਏ ਇਸ ਪ੍ਰੋਗਰਾਮ ਵਿੱਚ ਭਾਰੀ ਗਿਣਤੀ 'ਚ ਇਕੱਠੇ ਹੋਏ ਲੋਕਾਂ ਨੇ ਭਾਰਤ ਸਰਕਾਰ ਪ੍ਰਤੀ ਆਪਣਾ ਰੋਹ ਪ੍ਰਗਟ ਕੀਤਾ। ਇਸ ਮੌਕੇ ਹੋਏ ਇਕੱਠ ਵਿੱਚ ਪੰਜਾਬ ਤੋਂ ਇਲਾਵਾ ਹਰਿਆਣਾ, ਦਿੱਲੀ ਯੂ ਪੀ ਰਾਜਸਥਾਨ ਅਤੇ ਆਸਟਰੇਲੀਆ ਦੇ ਗੋਰੇ ਨੇਤਾ ਵੀ ਸ਼ਾਮਲ ਹੋਏ ਅਤੇ ਆਪਣੇ ਵਿਚਾਰ ਸਟੇਜ ਤੋਂ ਸਾਂਝੇ ਕੀਤੇ। ਇਹ ਅੰਦੋਲਨ ਪੂਰੀ ਤਰ੍ਹਾਂ ਸ਼ਾਂਤਮਈ ਰਿਹਾ ਜਿਸਦਾ ਸਿਹਰਾ ਪ੍ਰਬੰਧਕਾਂ ਨੂੰ ਅਤੇ ਸ਼ਾਮਲ ਹੋਏ ਸਿਡਨੀ ਦੇ ਭਾਰਤੀ ਭਾਈਚਾਰੇ ਦੇ ਲੋਕਾਂ ਨੂੰ ਜਾਂਦਾ ਹੈ। ਇਸ ਮਹਾਪੰਚਾਇਤ ਦੇ ਪ੍ਰਬੰਧ ਕੋਵਿਡ ਦੀਆਂ ਹਦਾਇਤਾਂ ਦੀਆਂ ਪਾਲਣਾ ਕਰਦੇ ਹੋਏ ਕੀਤੇ ਗਏ ਸਨ।

ਸਿਡਨੀ ਦੀ ਮਹਾਪੰਚਾਇਤ ਵਿੱਚ ਵੱਡੀ ਗਿਣਤੀ 'ਚ ਲੋਕ ਪਰਿਵਾਰਾਂ ਦੇ ਨਾਲ ਹਿੱਸਾ ਬਣੇ ਅਤੇ ਇੱਥੋਂ ਦੇ ਜੰਮੇ ਛੋਟੇ ਬੱਚਿਆਂ ਨੇ 'ਨੋ ਫਾਰਮਰ, ਨੋ ਫੂਡ' ਦੇ ਬੈਨਰਾਂ ਨਾਲ ਤਿੰਨਾਂ ਖੇਤੀਬਾੜੀ ਕਾਨੂੰਨਾਂ ਦਾ ਵਿਰੋਧ ਕੀਤਾ। ਇਸ ਮਹਾਪੰਚਾਇਤ ਵਿੱਚ ਇਕੱਠ ਮੌਕੇ ਭਾਰਤੀ ਭਾਈਚਾਰੇ ਦਾ ਏਕਾ ਵੀ ਦੇਖਣ ਨੂੰ ਮਿਲਿਆ, ਜਿਸ ਵਿੱਚ ਪੰਜਾਬ, ਹਰਿਆਣਾ, ਉਤਰ ਪ੍ਰਦੇਸ਼, ਦਿੱਲੀ ਅਤੇ ਰਾਜਸਥਾਨ ਦੇ ਪਿਛੋਕੜ ਨਾਲ ਸਬੰਧਤ ਲੋਕ ਵੀ ਸ਼ਾਮਲ ਹੋਏ, ਜਿਨ੍ਹਾਂ ਇਹ ਮਹਿਸੂਸ ਕਰਵਾਇਆ ਕਿ ਇਸ ਕਿਸਾਨੀ ਅੰਦੋਲਨ ਦੀ ਅੱਗ ਪੂਰੇ ਦੇਸ਼ ਵਿੱਚ ਸੁਲਗ ਰਹੀ ਹੈ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

# CLASSIFIEDS

Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202













jobs! jobs! jobs! jobs! jobs!

DUNDAS·JAFINE

HELP WANTED
ਕਾਮਿਆਂ ਦੀ ਲੋੜ
ਜਨਰਲ ਲੇਬਰ ਦਾ ਕੰਮ ਉਪਲੱਬਧ ਹੈ

ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ। ਤਿੰਨੋਂ ਸ਼ਿਫਟਾਂ : Day ਅਤੇ Afternoon Available ਹਨ

ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿਚ ਸਮਰੱਥ ਹੋਣਾ ਜਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ

ਅਪਲਾਈ ਕਰਨ ਲਈ ਆਪ ਪਹੁੰਚੋ:
110 Glidden Rd., Brampton

ਜਾਂ ਫੇਰ ਈ-ਮੇਲ ਕਰੋ:
jbrown@dundasjafine.com
kkaur@dundasjafine.com




## ਲੜਕੀ ਦੀ ਲੋੜ

Beautiful match, below 35yrs, for smart JatSikh boy, Canada PR, 39/5-11" BE/MBA, Highly paid job, R/U property in Canada/India, issueless divorcee, caste no bar, respond only with pics & details. **Whatsapp +16474968844 Email : matchjatt2018@gmail.com**

ਜਟੱ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਅੱਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5''8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013

ਜੱਟ ਸਿੱਖ ਗਰੇਵਾਲ ਲੜਕਾ, 1994, ਕੱਦ 6'2'', ਜੋ ਕਿ ਆਸਟ੍ਰੇਲੀਆ 'ਚ ਸਟੱਡੀ ਵੀਜ਼ੇ 'ਤੇ ਰਹਿ ਰਿਹਾ ਹੈ, ਲਈ ਕੈਨੇਡਾ ਤੋਂ ਲੜਕੀ ਦੀ ਲੋੜ ਹੈ। ਲੜਕੇ ਦੀ ਇਕ ਭੈਣ ਕੈਨੇਡਾ (ਟੋਰਾਂਟੋ) ਤੇ ਦੂਸਰੀ ਭੈਣ ਆਸਟ੍ਰੇਲੀਆ 'ਚ ਸੈਟਲਡ ਹੈ। ਲੜਕੇ ਦੇ ਮਾਤਾ ਜੀ ਸੁਪਰ ਵੀਜ਼ੇ 'ਤੇ ਕੈਨੇਡਾ ਆਏ ਹੋਏ ਹਨ। ਸੰਪਰਕ:-647-772-6650, ਵਟਸ ਐਪ ਨੰਬਰ:- 99156-62207

Match for Handsome Jat Sikh boy 40/5'10"(Issueless divorce), B.Tech, M.S (USA) Working in MNC as Senior Software Engineer in the USA. Family of Doctors and Engineers. Please respond with recent pics. Email match52020@gmail.com, Whats-app: +91-9815787350

ਕੈਨੇਡਾ ਵਿਚ ਵੈੱਲ ਸੈਟਲਡ, ਵਿੰਨੀਪੈਗ ਰਹਿ ਰਹੇ ਕੈਨੇਡਾ ਤੋਂ ਐਮਬੀਏ ਦੀ ਡਿਗਰੀ ਪ੍ਰਾਪਤ ਗੁਲਾਟੀ ਪਰਿਵਾਰ ਦੇ 29 ਸਾਲਾ ਲੜਕੇ, ਕੱਦ 6 ਫੁੱਟ 3 ਇੰਚ ਲਈ ਲੰਮੀਂ ਉੱਚੀ ਤੇ ਪੜ੍ਹੀ ਲਿਖੀ ਯੋਗ ਕੰਨਿਆ ਦੀ ਜ਼ਰੂਰਤ ਹੈ। ਤਰਨਤਾਰਨ ਵਿਚ ਪਰਿਵਾਰ ਦਾ ਜਿਊਲਰੀ ਦਾ ਕਾਰੋਬਾਰ ਹੈ। ਸੰਪਰਕ: 9815908662, 9815032106,416-817-4684.

ਜੱਟ ਸਿੱਖ ਧਨੋਆ ਲੜਕਾ, ਉਮਰ 27 ਸਾਲ ਕੱਦ 5'11'' ਮਿਕੈਨੀਕਲ ਇੰਜਨੀਅਰ ਅੰਮ੍ਰਿਤਧਾਰੀ ਵਿਜ਼ਿਟਰ ਵੀਜ਼ੇ ਉਤੇ ਆਏ, ਲਈ PR/Citizen/Studentਲੜਕੀ ਦੀ ਲੋੜ ਹੈ। ਲੜਕਾ ਆਪਣੇ ਮਾਮਾ-ਮਾਮੀ ਕੋਲ ਰਹਿ ਰਿਹਾ ਹੈ। ਤਲਾਕਸੁਦਾ ਉਤੇ ਵੀ ਗੌਰ ਕੀਤੀ ਜਾ ਸਕਦੀ ਹੈ। (Studentਦਾ ਖਰਚਾ ਵੀ ਕਰ ਸਕਦੇ ਹਾਂ) ਲੜਕੇ ਦਾ ਭਰਾ ਆਸਟ੍ਰੇਲੀਆ ਰਹਿ ਰਿਹਾ ਹੈ। ਸੰਪਰਕ: 416-708-4100

ਜਟੱ ਸਿੱਖ ਲੜਕਾ, ਉਮਰ 28 ਸਾਲ, ਕੱਦ 5'10'', Dentist, MBAਆਸਟਰੇਲੀਆ ਵਿੱਚ ਵੱਰਕ ਪਰਮਿਟ ਤੇ ਰਹਿੰਦੇ ਲੜਕੇ ਲਈ ਵਧੀਆ ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ :647-280-6503 । +91-98142-02918 (Whatsapp)

Seeking a suitable match for their son, never married, 43 years, 6' tall, fair, Ramdasia Gursikh, Amritdhari, Canadian citizen. Father class 1 retied officer and well settled family. Serious queries please respond on email sukhi_cancer@yahoo.com or call 416-721-5191 or 647-308-4411(contact after 5 pm)




## ਲੜਕੀ ਦੀ ਲੋੜ

ਸਿੱਖ ਅਰੋੜਾ ਲੜਕਾ, ਇਸ ਸਮੇਂ ਵਿਜ਼ਿਟਰ ਵੀਜ਼ੇ 'ਤੇ ਕੈਨੇਡਾ ਵਿਚ, ਯੋਗ ਕੰਨਿਆ ਦੀ ਜ਼ਰੂਰਤ ਹੈ। ਲੜਕੇ ਦੀ ਭੈਣ ਕੈਨੇਡਾ ਦੀ ਪੀ.ਆਰ. ਹੈ। ਪੰਜਾਬ ਵਿਚ ਚੰਗੀ ਜ਼ਮੀਨ ਅਤੇ ਬਿਜ਼ਨਸ ਹੈ। ਪਹਿਲੀ ਪਤਨੀ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦਾ ਦੋ ਸਾਲ ਦਾ ਬੇਟਾ ਵੀ ਹੈ। ਜਾਤੀ ਬੰਧਨ ਨਹੀਂ। ਲੜਕੀ ਕੈਨੇਡਾ ਦੀ ਪੀ.ਆਰ. ਜਾਂ ਸਿਟੀਜਨ ਹੋਵੇ। ਸੰਪਰਕ: 647-625-5706

* ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5 ਫੁੱਟ 4 ਇੰਚ ਲਈ ਪਰਿਵਾਰਕ ਲੜਕੀ ਦੀ ਲੋੜ ਹੈ। ਲੜਕਾ ਪਿਛਲੇ 6 ਸਾਲਾਂ ਤੋਂ ਕੁਕਿੰਗ ਦਾ ਕੰਮ ਕਰਦਾ ਹੈ ਤੇ ਕੈਨੇਡਾ ਵਿਚ ਵਿਜ਼ਿਟਰ ਵੀਜ਼ੇ ਉਤੇ ਕੈਂਬਰਿਜ ਗੁਰਦੁਆਰਾ ਸਾਹਿਬ ਵਿਖੇ ਕੁੱਕ ਦੀ ਸੇਵਾ ਕਰਦਾ ਹੈ। ਵਧੇਰੇ ਜਾਣਕਾਰੀ ਲਈ ਸੰਪਰਕ ਕਰ੍ਹੋ:- 647-852-7532 ਅਤੇ 647-637-4035

* ਹਿੰਦੂ ਖਤਰੀ ਲੜਕਾ, ਕੱਦ 5'8'', ਉੱਮਰ 28 ਸਾਲ, ਰੰਗ ਸਾਫ, ਯੋਗਤਾ ਬੈਚਲਰ ਇਨ ਹੋਸਪੀਟੇਲਟੀ ਮਨੇਜਮੈਂਟ। ਓਬਰਾਏ, ਤਾਜ ਵਰਗੇ ਚੰਗੀ ਕੰਪਨੀਆਂ ਵਿੱਚ 8 ਸਾਲ ਕੰਮ ਦਾ ਤਜ਼ਰਬਾ ਅਤੇ ਇੰਡੀਆ ਵਿੱਚ ਚੰਗੀ ਜੋਬ ਕਰਦੇ ਲੜਕੇ ਲਈ ਕੈਨੇਡੀਅਨ ਪੀ ਆਰ ਜਾਂ ਵਰਕ ਪਰਮਟ ਹੋਲਡਰ ਲੜਕੀ ਦੀ ਲੋੜ ਹੈ। ਪੰਜਾਬ ਭਾਖੜਾ ਨੰਗਲ ਨਾਲ ਸੰਬੰਧ ਰੱਖਦੇ ਹਨ। ਵਧੇਰੀ ਜਾਣਕਾਰੀ ਲਈ ਕਾਲ ਜਾਂ ਵਟਸਐਪ ਕਰੋ:+91-94173-58712

* ਸੁਨਿਆਰਾ ਲੜਕਾ, ਉੱਮਰ 25 ਸਾਲ, ਕੱਦ 5'8'', ਕੈਨੇਡੀਅਨ ਸਿਟੀਜ਼ਨ, ਵੈਲ ਸੇਟਲਡ, ਆਪਣਾ ਕਾਰੋਬਾਰ ਲਈ ਕੈਨੇਡੀਅਨ/ਅਮਰੀਕਨ ਸਿਟੀਜਨ ਜਾਂ ਪੀ ਆਰ ਲੜਕੀ ਦੀ ਲੋੜ ਹੈ। ਸਟੂਡੈਂਟ ਜਾਂ ਵਰਕ ਪਰਮਟ ਹੋਲਡਰ ਵੀ ਸੰਪਰਕ ਕਰ ਸਕਦੇ ਹਨ। ਕਿਰਪਾ ਕਰਕੇ ਆਪਣੇ ਬਰਾਦਰੀ ਵਾਲੇ ਹੀ ਸੰਪਰਕ ਕਰਨ। ਕਾਲ : 647-739-3600 ।

* ਅਰੋੜਾ ਸਿੱਖ ਲੜਕਾ, ਉੱਮਰ 36 ਸਾਲ, ਕੱਦ 5'11',ਕੇਨੈਡਾ ਵਿੱਚ ਵਰਕ ਪਰਮਿਟ ਤੇ ਰਹਿ ਰਿਹਾ ਅਤੇ ਚੰਗੀ ਜੋਬ ਕਰ ਰਹੇ ਲੜਕੇ ਲਈ ਘਰੇਲੂ ਅਤੇ ਪੀ ਆਰ/ ਵਰਕ ਪਰਮਿਟ ਲੜਕੀ ਦੀ ਲੋੜ ਹੈ। ਕਿਰਪਾ 30 ਤੋ ਵੱਧ ਉਮਰ ਦੀਆਂ ਲੜਕੀਆਂ ਹੀ ਸੰਪਰਕ ਕਰਨ। ਸਟੂਡੈਂਟ ਵੀ ਸੰਪਰਕ ਕਰ ਸਕਦੇ ਹਨ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: 431-998-8022

* ਜੱਟ ਸਿੱਖ ਲੜਕਾ, ਉੱਮਰ 27 ਸਾਲ, ਕੱਦ 5'11'', ਕੈਨੇਡਾ ਵਿਚ ਪੀ ਆਰ ਹੈ ਅਤੇ ਚੰਗੀ ਜੋਬ ਕਰਦੇ ਲੜਕੇ ਲਈ ਪੜੀ ਲਿਖੀ ਅਤੇ ਘਰੇਲੂ ਲੜਕੀ ਦੀ ਲੋੜ ਹੈ। ਸਟੂਡੈਂਟ ਵੀ ਸੰਪਰਕ ਕਰ ਸਕਦੇ ਹਨ। ਓਹੀ ਸੰਪਰਕ ਕਰਨ ਜੋ ਲੜਕੇ ਦੇ ਦੁਬਈ ਰਹਿੰਦੇ ਭਰਾ ਦਾ ਕੈਨੇਡਾ ਰਿਸ਼ਤਾ ਕਰਵਾ ਸਕਣ। ਕਾਲ ਕਰੋ ਲੋਕਲ: (587)-936-0127 ਜਾਂ ਇੰਡੀਆ: +91-94179-16049

* ਜੱਟ ਸਿੱਖ ਲੜਕਾ, ਉੱਮਰ 28 ਸਾਲ, ਕੱਦ 5'7'', ਕੇਨੈਡਾ ਵਿੱਚ ਵਰਕ ਪਰਮਿਟ ਤੇ ਰਹਿ ਰਿਹਾ ਅਤੇ ਚੰਗੀ ਜੋਬ ਕਰਦੇ ਲੜਕੇ ਲਈ ਪੀ ਆਰ ਜਾਂ ਸਿਟੀਜਨ , ਪੜੀ ਲਿਖੀ ਅਤੇ ਘਰੇਲੂ ਲੜਕੀ ਦੀ ਲੋੜ ਹੈ। ਲੜਕੇ ਦਾ ਸਾਰਾ ਪਰਿਵਾਰ ਕੇਨੈਡਾ ਵਿੱਚ ਪੀ ਆਰ ਅਤੇ ਵਧੀਆ ਸੈਟਲਡ ਹੈ। ਪੰਜਾਬ ਤੋਂ ਮਾਝੇ ਜਿਲ੍ਹੇਂ ਨੂੰ ਪਹਿਲ ਦਿੱਤੀ ਜਾਵੇਗੀ। ਕਾਲ ਕਰੋ: 716-536-1939 ਜਾਂ ਵਟਸਐਪ ਕਰੋ: +91-98144-90449

## ਲੜਕੇ ਦੀ ਲੋੜ

Beautiful,well educated, 28 years old Punjabi Lubana girl, BSc software engineering from London England,project management from Canada,currently working with Suncor Company,PR IN CANADA. Looking for Sikh Sardar well educated Boy,cast no Bar,from Canada. Contact number 3238 470 404

**"Jat Sikh family seeking suitable match for their daughter 37 year 6 ft. tall, well versed with both cultures. Born & raised in Canada, did her medicine degree & residency (double in Emergency & Internal Medicine) in USA. A green card holder and willing to come to Canada as the opportune prevail. Please contact (519) 351-8043 or B200348@gmail.com"**

Seeking a suitable match for Canadian born punjabi tonk kshatriya girl, 36 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca

ਜਟੱ ਸਿੱਖ ਢਿੱਲੋ ਲੜਕੀ, ਉਮਰ 31 ਸਾਲ, ਕੱਦ 5'-3'', ਪੜ੍ਹੀ-ਲਿਖੀ ਤੇ ਕੈਨੇਡਾ ਵਿੱਚ P.R ਲੜਕੀ ਲਈ ਪੜ੍ਹਿਆ-ਲਿਖੀਆ P.R ਜਾਂ Work Permit/Visitor Visa ਤੇ ਆਏ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 28 ਸਾਲ ਤੋ ਘੱਟ ਨਾ ਹੋਵੇ ਤੇ ਨਸ਼ਿਆ ਤੋਂ ਰਹਿਤ ਹੋਵੇ। ਮਾਲਵੇ ਨੂੰ ਪਹਿਲ। ਸੰਪਰਕ ਕਰੋ: +91 98881-21412 ਜਾਂ +91 97802-16716

ਰਸੂਖ਼ਦਾਰ ਪੰਜਾਬੀ ਖੱਤਰੀ ਪਰਿਵਾਰ ਦੀ ਖ਼ੂਬਸੂਰਤ ਤੇ ਚੰਗੀ ਪੜ੍ਹੀ ਲਿਖੀ ਲੜਕੀ ਲਈ ਵੈੱਲਸੈਟਲਡ ਤੇ ਯੋਗ ਵਰ ਦੀ ਭਾਲ ਹੈ। ਲੜਕੀ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਜੀਆਈਐਸ ਐਂਡ ਰਿਮੋਟ ਸੈਂਸਿੰਗ ਵਿੱਚ ਪੋਸਟ ਗ੍ਰੈਜੂਏਟ ਹੈ। ਲੜਕੀ ਦੀ ਉਮਰ 29 ਸਾਲ, ਕੱਦ 5 ਫੁੱਟ 1 ਇੰਚ ਹੈ। ਲੜਕੀ ਸੁਸ਼ੀਲ ਤੇ ਪਰਿਵਾਰਪੱਖੀ ਸੋਚ ਰੱਖਣ ਵਾਲੀ ਹੈ। ਲੜਕੀ ਭਾਰਤ ਦੀ ਨਾਗਰਿਕ ਹੈ ਤੇ ਇਸ ਸਮੇਂ ਭਾਰਤ ਵਿੱਚ ਹੀ ਹੈ। ਭਰਾ ਦਾ ਪਰਿਵਾਰ ਸਥਾਈ ਤੌਰ ਉੱਤੇ ਟੋਰਾਂਟੋ ਸੈਟਲਡ ਹੈ। ਇਸ ਸਮੇਂ ਪਿਤਾ ਟੋਰਾਂਟੋ ਵਿੱਚ ਹਨ। ਸੰਪਰਕ : 416-890-2725 (ਪਿਤਾ), 416-457-8631 (ਭਰਾ), email- mthapar21@gmail.com

## ਲੜਕੇ ਦੀ ਲੋੜ

ਜੱਟ ਸਿੱਖ ਲੜਕੀ, ਉਮਰ 33 ਸਾਲ, ਕੱਦ 5 ਫੁੱਟ 4 ਇੰਚ, ਇੰਡੀਆ ਤੋਂ MBA ਅਤੇ ਕੈਨੇਡਾ ਤੋਂ Marketing Management, Food Media ਦੀ ਪੜ੍ਹਾਈ ਕੀਤੀ ਹੋਈ ਹੈ। ਇੱਥੇ Health Care Screener ਦੇ ਤੌਰ 'ਤੇ ਕੰਮ ਕਰਦੀ ਹੈ, ਲਈ ਕੈਨੇਡੀਅਨ ਜਾਂ ਅਮਰੀਕਨ PR/Citizen ਲੜਕੇ ਦੀ ਲੋੜ ਹੈ। ਸੰਪਰਕ: 437-332-8422 E-mail : puneetasra17october@gmail.com

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com

ਜੱਟ ਸਿੱਖ ਲੜਕੀ, 35 ਸਾਲ, ਕੱਦ 5'3'', ਵਿਜੀਟਰ ਵੀਜ਼ੇ ਤੇ ਆਈ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਪੀ ਆਰ ਲੜਕੇ ਦੀ ਲੋੜ ਹੈ। ਕਾਲ 647-456-1772

ਜੱਟ ਸਿੱਖ ਗਿਲ ਲੜਕੀ, ਜਨਮ 1991, ਕੱਦ 5'-4'', Btech Electrical, ਕੈਨੇਡੀਅਨ ਪੀ ਆਰ ਲਈ ਗੁਰਸਿੱਖ, ਪੜੇ ਲਿੱਖੇ ਅਤੇ ਸੈਟਲਡ ਲੜਕੇ ਦੀ ਲੋੜ ਹੈ। ਲੜਕੀ ਦਾ ਸਾਰਾ ਪਰਿਵਾਰ ਇੰਡੀਆ ਵਿੱਚ ਰਹਿੰਦਾ ਹੈ। ਇੰਡੀਆ ਰਹਿੰਦੇ ਲੜਕੇ ਵੀ ਸੰਪਰਕ ਕਰ ਸਕਦੇ ਹਨ। ਸੰਪਰਕ ਕਰੋ: +91-94640-34653

Seeking a suitable match for Canadian born punjabi tonk kshatriya girl, 35 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca

ਸਿੱਖ ਲੜਕੀ, ਉਮਰ 24 ਸਾਲ, ਕੱਦ 5 ਫੁਟ 3 ਇੰਚ, ਇੰਡੀਆ ਵਿਚ ਰਹਿੰਦੀ, ਯੋਗਤਾ ਐਮ.ਕਾਮ. ਤੇ ਕਾਲਜ ਵਿਚ ਲੈਕਚਰਾਰ ਦੀ ਨੌਕਰੀ ਕਰ ਰਹੀ ਹੈ। ਨੈਨੀ ਦਾ ਕੋਰਸ ਕੀਤਾ ਹੋਇਆ ਹੈ। ਰੰਗ ਸਾਫ਼, ਸੋਹਣੀ ਸੁਨੱਖੀ ਲੜਕੀ ਲਈ ਕੈਨੇਡੀਅਨ ਪੀ.ਆਰ. ਸਿੱਖ ਲੜਕੇ ਦੀ ਲੋੜ ਹੈ। ਜਾਤੀ ਬੰਧਨ ਨਹੀਂ। ਲੜਕੀ ਦੇ ਭੂਆ ਜੀ ਕੈਨੇਡਾ ਵਿਚ ਸੈਟਲਡ ਹਨ। ਸੰਪਰਕ: 905-749-1654














Other Realtors only Promise
But JAG AUJLA SOLD YOUR HOME WITH
GUARANTEE

Advertisement GUARANTEED Till SOLD

Top 1% Broker
Call For a Quick & Free Home Evaluation
www.BramptonQuickHomeEvaluation.com

# JAG AUJLA
REAL ESTATE BROKER

DIR: 416-371-7777
j.aujla@rogers.com www.jagaujla.com
RE/MAX Realty Specialist Inc., Brokerage (Independently Owned and Operated) Off: 905-456-3232
www.BramptonTopRelator.com

**2016,2015,2014,2013 2012,2011,2010) **(2009,2008) **(2010) **(2014)

ਘਰਾਂ ਦੀਆਂ ਨਵੀਆਂ ਲਿਸਟਿੰਗਾਂ (Listings) ਦੀ ਬਹੁਤ ਲੋੜ ਹੈ

## CALEDON




### ਕੈਨੇਡੀ / ਦੂੱਗਲ

ਬਰੈਂਡ ਨੀਊ ਘਰ ਸੈਲ ਲਈ ਉਪਲਬੱਧ ਹੈ। ਲਗਭਗ 2800 ਸੁਕੇਅਰ ਫੁੱਟ ਏਰੀਆ ਅਤੇ 42 ਫੀਟ ਵਾਈਡ ਕਾਰਨਰ ਲਾਟ ਹੈ ਜਿਸ ਵਿੱਚ 4 ਬੈਡਰੂਮ ਅਤੇ 4 ਵਾਸ਼ਰੂਮ ਹਨ। ਮੇਨ ਫਲੋਰ 10 ਫੁੱਟ ਸਿਲਿੰਗ। ਡਾਇਨਿੰਗ ਰੂਮ ਉਪਰ ਨੂੰ ਖੁੱਲਾ ਹੈ ਅਤੇ 19 ਫੁੱਟ ਹਾਈ ਸਿਲਿੰਗ ਹੈ। ਹਾਰਡਵੁਡ ਫਲੋਰ, ਓਕ ਸਟਰੇਅਰਜ਼। ਅਪਗ੍ਰੇਡੇਡ ਕਿਚਨ ਅਤੇ ਕੁਆਰਟਜ਼ ਕਾਊਨਟਰ ਟਾਪ। ਮੈਨ ਫਲੋਰ ਲਾਂਡਰੀ ਹੈ।
ਵਧੇਰੀ ਜਾਣਕਾਰੀ ਲਈ ਜੇਗ ਔਜਲਾ ਨਾਲ 416-371-7777 ਤੇ' ਸੰਪਰਕ ਕਰ ਸਕਦੇ ਹੋ।

## BRAMPTON



### ਵੀਲੀਅਮ ਪਾਕਵੇ/ਰੋਇਲ ਓਰਚਾਰਡ

ਲਗਭਗ 2800 ਸੁਕੇਅਰ ਫੁੱਟ ਵਿੱਚ ਬਣਿਆ 5+2 ਬੈਡਰੂਮ ਅਤੇ 4 ਵਾਸ਼ਰੂਮ ਦਾ ਡੀਟੈਚਡ ਡਬਲ ਸਟੋਰੀ ਘਰ। 48 ਫੁੱਟ ਲਾਟ ਹੈ। ਫਿਨੀਸ਼ਡ ਬੇਸਮੈਂਟ ਅਤੇ ਸੇਪਰੇਟ ਸਾਈਡ ਏਨਟਰੈਂਸ। ਨਵੀਂ ਰੂਫ ਸ਼ਿੰਗਲ ਅਤੇ ਨਵੀਂ ਅਪਗ੍ਰੇਡੇਡ ਕਿਚਨ ਜਿਸ ਵਿੱਚ ਗਰੇਨਾਈਟ ਟਾਪ ਹੈ। ਪੈਂਟਰੀ ਨਾਲ ਬਰੇਕਫਾਸਟ ਏਰੀਆ। ਗਲਿਮੀਂਗ ਹਾਰਡਵੁਡ ਫਲੋਰ। ਬੈਡਰੂਮ ਵਿੱਚ ਲੈਮੀਨੇਟ ਫਲੋਰ। ਓਕ ਸਟੇਅਰ ਕੇਸ। ਮਾਸਟਰ ਬੈਡਰੂਮ 5 ਪੀਸ ਈਨਸੂਟ। ਸਾਰੀਆਂ ਸਹੂਲਤਾਂ ਦੇ ਨੇੜੇ।

BRAMPTON



### Sandalwood/Chinguacousy Park

72 Botavia Downs dr
**$ 1525**
ਲੀਸ ਲਈ
ਸੈਂਡਲਵੁਡ/ਕਿਰਾਏ ਲਈ
2 ਬੈਡਰੂਮ, 1 ਵਾਸ਼ਰੂਮ ਦੀ ਬਹੁਤ ਸੋਹਣੀ ਬੇਸਮੈਂਟ, (Separate Laundry) ਸੈਪਰੇਟ ਲਾਊਂਡਰੀ ਅਤੇ ਸੈਪਰੇਟ ਐਂਟਰੈਂਸ, 1 ਜਾਂ 2 ਕਾਰ ਪਾਰਕਿੰਗ, ਸਾਰੀਆਂ ਸੁਵਿਧਾਵਾਂ ਦੇ ਨੇੜੇ, A++ ਜਾਂ ਛੋਟੀ ਫੈਮਿਲੀ ਨੂੰ ਪਹਿਲ।

BRAMPTON



### William Pkwy/Royal Orchard

13 Traibridge Dr
**$ 1,069,905**
**ਵਿਲੀਅਮ ਪਾਰਕ ਵੇਅ/ਰੌਇਲ ਔਰਕਡ**
2800 Sq. Ft. ਦਾ 5 ਬੈਡਰੂਮ, 4 ਵਾਸ਼ਰੂਮ ਅਤੇ 2 ਬੈਡਰੂਮ ਦੀ ਸੈਪਰੇਟ ਐਂਟਰੈਂਸ (Separate Entrance) ਦਾ ਬੇਸਮੈਂਟ। ਅਪਗ੍ਰੇਡਡ ਕਿਚਨ ਵਿਚ ਗਰੇਨਾਈਟ ਟਾਪ, ਬਹੁਤ ਵੱਡਾ ਬੈਕਯਾਰਡ (Back Yard), ਹਾਰਡਵੁਡ ਫਲੋਰ, ਲੈਮੀਨੇਟ ਇਨ ਬੈਡਰੂਮ, ਉਕ ਸਟੇਅਰਕੇਸ, ਮਾਸਟਰ ਬੈਡਰੂਮ ਵਿਚ 5 ਪੀਸੀ ਇਨਸੂਟ, ਸਾਰੀਆਂ ਸਹੂਲਤਾਂ ਦੇ ਕੋਲ।

BRAMPTON



### Dixie/Queen

8 Lisa St.
**$ 434,905**
1142 ਸਕੇਅਰ ਫੁੱਟ ਦੀ ਕੌਂਡੋ (ਛੋਨਦੋ), 21ਸਟ ਫਲੋਰ ਉਤੇ 2 ਬੈਡਰੂਮ, 2 ਵਾਸ਼ਰੂਮ, ਲਾਊਂਡਰੀ, 1 ਅੰਡਰ ਗ੍ਰਾਊਂਡ ਕਾਰ ਪਾਰਕਿੰਗ, ਮਾਸਟਰ ਬੈਡਰੂਮ ਵਿਚ 3 ਪੀਸੀ ਇਨਸੂਟ, 24 ਘੰਟੇ ਸਿਕਿਉਰਿਟੀ (Security), ਬਰੈਮਲੀ ਸਿਟੀ ਸੈਂਟਰ (Bramalea City Center) ਦੇ ਕੋਲ ਸਾਰੀਆਂ ਸਹੂਲਤਾਂ ਦੇ ਨੇੜੇ, ਵਾਸ਼ਰ ਅਤੇ ਡਰਾਇਰ (Dryer), ਡਿਸ਼ਵਾਸ਼ਰ ਅਤੇ ਹੋਰ ਬਹੁਤ ਕੁੱਝ ਸ਼ਾਮਲ।



# ਪ੍ਰਾਪਰਟੀ ਖਰੀਦਣ ਜਾਂ ਵੇਚਣ ਲਈ 31 ਸਾਲਾ ਤਜਰਬੇ ਵਾਲੇ

# ਅਵਤਾਰ ਸਿੰਘ ਟਿਵਾਣਾ

- Free Evaluation of your Property
- Special Packages for First Time Buyer
- Arrangement of Low Mortgage rate Lawyer
- Arrangement of Home Inspection

Avtar Singh Tiwana
Sales Representative



Tel: 905.793.5777
416.802.5866
31 Melanie Dr. Unit #4 Brampton, ON L6T 5H8




### CASTLEMORE/GOREWAY

ਬਰੈਂਪਟਨ ਵਿਚ ਬਹੁਤ ਹੀ ਸੋਹਣਾ ਅਤੇ ਸਾਫ਼ ਸੁਥਰਾ 3500-5000 ਵਰਗ ਦਾ 4 ਬੈਡਰੂਮ ਅਤੇ 5 ਵਾਸ਼ਰੂਮ ਦਾ ਘਰ, ਫਿਨਿਸ਼ਡ ਬੇਸਮੈਂਟ ਵਿਚ ਕਿਚਨ ਅਤੇ ਸੈਪਰੇਟ ਐਂਟਰੈਂਸ, ਮੇਨ ਫਲੋਰ 'ਤੇ 9 ਫੁੱਟ ਦੀ ਸੀਲਿੰਗ, ਫਾਰਮਲ ਲਿਵਿੰਗ, ਡਾਇਨਿੰਗ ਅਤੇ ਫੈਮਿਲੀ ਰੂਮ, ਮੇਨ ਫਲੋਰ ਤੇ ਡੇਨ, ਅਪਗ੍ਰੇਡ ਕਿਚਨ ਅਤੇ ਗਰੇਨਾਈਟ ਕਾਊਂਟਰ ਟਾਪ, 2 ਫਰਿੱਜ, 2 ਸਟੋਵ, 1 ਡਿਸ਼ਵਾਸ਼ਰ, ਕੱਪੜੇ ਧੋਣ ਲਈ ਮੇਨ ਫਲੋਰ 'ਤੇ ਵਾਸ਼ਰ ਅਤੇ ਡਰਾਈਅਰ, 4 ਕਾਰ ਪਾਰਕਿੰਗ ਨਾਲ ਡਬਲ ਡੋਰ ਗਰਾਜ। ਸਾਰੀਆਂ ਸਹੂਲਤਾਂ ਦੇ ਨੇੜੇ




### COTTRELLE/HWY50

ਲਗਭਗ 3500 ਵਰਗ ਫੁੱਟ ਵਿਚ ਬਣਿਆ4+2 ਬੈਡਰੂਮ ਅਤੇ 5 ਵਾਸ਼ਰੂਮ, 10 ਫੁੱਟ ਸੀਲਿੰਗ, 2 ਬੈਡਰੂਮ ਦੀ ਫਿਨਿਸ਼ਡ ਵਾਕਆਊਟ ਬੇਸਮੈਂਟ 9 ਫੁੱਟ ਦੀ ਸੀਲਿੰਗ ਨਾਲ, ਵੱਖਰੀ ਲਾਊਂਡਰੀ, ਬਿਲਟ ਇਨ ਅਪਲਾਈਂਸਸ ਅਪਗ੍ਰੇਡ ਕਿਚਨ, ਗਰੇਨਾਈਟ ਕਾਊਂਟਰ, ਸੈਂਟਰ ਆਈਲੈਂਡ, ਗਰੇਨਾਈਟ ਬੈਕ ਸਪਲੈਸ਼,ਬਹੁਤ ਸਾਰੀਆਂ ਪੋਟ ਲਾਈਟਾਂ, ਓਕਸਟੇਅਰ ਕੇਸ, 4 ਕਾਰ ਪਾਰਕਿੰਗ ਨਾਲ ਡਬਲ ਡੋਰ ਗਰਾਜ




### SANDALWOOD/BRAMALEA

ਬਹੁਤ ਹੀ ਖੂਬਸੂਰਤ ਘਰ, ਤਾਜ਼ੇ ਰੰਗ ਨਾਲ ਪੇਂਟ ਕੀਤੇ। ਸਾਰੇ ਘਰ ਵਿਚ ਹਾਰਡਵੁਡ ਫਲੋਰ। 4 ਸ਼ਾਨਦਾਰ ਬੈਡਰੂਮ, 2 ਮਾਸਟਰ ਨਾਲ 4 ਪੀਸ ਐਨਸੂਇਟਸ ਅਤੇ ਵਾਕ ਈਨ ਕਲਾਜ਼ਟ। ਓਪਨ ਕੰਸੈਪਟ ਕਿਚਨ ਏਰੀਆ ਓਵਰਲੋਕਿੰਗ ਬੈਕਯਾਰਡ। ਵੱਖਰਾ ਡਾਇਨਿੰਗ ਰੂਮ। ਮੇਨ ਫਲੋਰ ਲਿਵਿੰਗ ਅਤੇ ਫੈਮਲੀ ਰੂਮ। ਫਿਨੀਸ਼ਡ ਬੇਸਮੈਂਟ 2 4ਪੀ ਸੀ ਵਾਸ਼ਰੂਮ। ਸੇਪਰੇਟ ਏਨਟਰੈਂਸ। 6 ਡਰਾਈਵੇ ਪਾਰਕਿੰਗ +2 ਕਾਰ ਗਰਾਜ



# Dr. Randhawa Dentistry



*Your own dentist who really cares for you*

We Provide the following Services:
- Dental Crowns, Veneers & Bridges
- Dental Fillings & Gum Treatment
- Root Canal (RCT), Dentures, Extraction
- Kids Dentistry
- Wisdom Tooth Surgery
- Invisalign (Invisible Braces)
- Digital X-Rays System
- Teeth Cleaning & Whitening
- Cosmetic Dental Treatment

Dr. Samreet Kaur Randhawa
General Family Dentist

New Patients welcome
Deal Directly with all Insurance Companies

- ਸੀਨੀਅਰ ਡਿਸਕਾਊਂਟ
- ਅਸੀਂ ਤੁਹਾਡੀ ਭਾਸ਼ਾ ਬੋਲਦੇ ਹਾਂ
- ਐਮਰਜੈਂਸੀ ਅਤੇ ਵਾਕ ਇਨ ਸੇਵਾਵਾਂ

NEW LOCATION
10 SQUIRE ELLIS DR, UNIT 5-6
BRAMPTON, ON L6P 4K6
(MAJOR INTERSECTION: GORE RD/MAYFIELD)
Tel :905-794-5111

INVISALIGN & BRACES INCLUDING CLEAR BRACES
Invisible Braces ਜਿਹੜੀਆਂ ਕਿ ਦੂਰੋਂ ਨਜਰ ਨਹੀਂ ਆਉਂਦੀਆਂ
Show Your Smile More With Invisible Braces!



FIRST LOCATION
DENTISTRY @ BONNIE BRAES
50 CHESTERWOOD CRES, UNIT 2
BRAMPTON, ON L6Y 0Z4
(OPP. CHRUCHVILLE PUBLIC SCHOOL, JAMES POTTER / BONNIE BRAES INTERSECTION)
Tel : 905-230-9044









# FRESH & LARGE VARIETY
## Bread , Derry & Eggs
## Branded Foods
## Fruits & Vegetables
## Beverages & Confectionery
## Grocery & Staples
## Sweet & Samosas

**SERVING FROM ALL LOCATIONS IN GTA AREA:**

10 Westmore Drive
Etobicoke ON M9V-3Z7
416-740-3262

21 Lacoste Blvd,
Brampton, ON L6P 2K2
905 794-8109

621 Wanless drive, # 122
Brampton ON L7A 0A9
905-495-3336

1075 Ceremonial Drive
Mississauga ON L5R 2Z4
905-502-1600

80 Pertosa Drive
Brampton ON L5X-5E9
905-460-0009

10510 Torbram Road,
Brampton
905-790-0030

2120 North park Drive
Brampton ON L6S 0C9
905-793-1338

10 Pannahill Dr,
Brampton
905 913-8017